P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 07, ਨਾਨਕਸ਼ਾਹੀ ਸੰਮਤ 555, ਹਾੜ੍ਹ/ਸਾਵਣ, ਜੁਲਾਈ-2023, ਸਾਲ 41

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥ ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥ ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥ ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥ (ਅੰਗ-332)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH

Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com



**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | | |
|---|---|---|---|
| 1. | ਤੂ ਬੇਅੰਤੁ ਕੋ ਵਿਰਲਾ ਜਾਣੈ | ਡਾ.ਪਰਮਜੀਤ ਸਿੰਘ | 03 |
| 2. | ਸਤਿ-ਅਸਤਿ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 11 |
| 3. | ਸਿਹਤ ਸੰਭਾਲ (ਅਰਜੁਨ) | ਸ.ਸੁਰਿੰਦਰ ਸਿੰਘ | 14 |
| 4. | ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚ ਮਾਇਆ ਦਾ ਵਿਚਾਰ | ਡਾ.ਗੁਲਜਾਰ ਸਿੰਘ | 17 |
| 5. | ਸਿੱਖ ਰਾਜ ਦਾ ਉਸਰਈਆ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ | ਡਾ.ਗੁਰਬਚਨ ਸਿੰਘ | 19 |
| 6. | ਇੱਕ ਚੁੱਪ ਸੌ ਸੁੱਖ | ਸ.ਹਰੀ ਸਿੰਘ | 24 |
| 7. | ਪ੍ਰੇਮਾ ਭਗਤੀ | ਸ.ਪਰਮਜੀਤ ਸੰਘ | 28 |
| 8. | ਖਬਰਾਵਲੀ | ਸੰਪਾਦਕ | 34 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਤੂ ਬੇਅੰਤੁ ਕੋ ਵਿਰਲਾ ਜਾਣੈ

ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

ਵਡਹੰਸ ਰਾਗ ਅੰਦਰ ਪੰਚਮ ਪਾਤਸ਼ਾਹ ਦਾ ਇੱਕ ਸ਼ਬਦ ਇਸ ਪ੍ਰਕਾਰ ਹੈ :

**ਵਡਹੰਸੁ ਮਹਲਾ ੫ ॥ ਤੂ ਬੇਅੰਤੁ ਕੋ ਵਿਰਲਾ ਜਾਣੈ ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥ ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥ ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥ ਸਦਾ ਸਦਾ ਜਾਈ ਬਲਿਹਾਰੀ ॥ ਇਤ ਉਤ ਦੇਖਉ ਓਟ ਤੁਮਾਰੀ ॥੩॥ ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥ ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥** (ਅੰਗ-੫੬੩)

ਇਸ ਸ਼ਬਦ ਰਾਹੀਂ ਗੁਰੂ ਜੀ ਪਰਮੇਸ਼ਰ ਦੀ ਬੇਅੰਤਤਾ ਦਾ ਜ਼ਿਕਰ ਕਰਦੇ ਹੋਏ ਆਖ ਰਹੇ ਹਨ ਕਿ ਉਸ ਪਰਮੇਸ਼ਰ ਦੀ ਬੇਅੰਤਤਾ ਨੂੰ ਕੋਈ ਵਿਰਲਾ ਗੁਰਮੁਖ ਹੀ ਜਾਣ ਸਕਦਾ ਹੈ ਜਿਸ ਉੱਤੇ ਸ਼ਬਦ ਦੇ ਰਾਹੀਂ ਗੁਰੂ ਦੀ ਕ੍ਰਿਪਾ ਵਰਤ ਜਾਵੇ। ਹੇ ਪ੍ਰਭੂ ! ਤੂੰ ਬੇਅੰਤ ਹੈਂ, ਤੈਨੂੰ ਕੋਈ ਵਿਰਲਾ ਹੀ ਜਾਣਦਾ ਹੈ। ਗੁਰੂ ਦੀ ਕ੍ਰਿਪਾ ਨਾਲ ਗੁਰੂ ਦੇ ਸ਼ਬਦ ਦੁਆਰਾ ਤੈਨੂੰ ਕੋਈ ਪਛਾਣਦਾ ਹੈ। ਹੇ ਪਿਆਰੇ ਪ੍ਰਭੂ, ਤੇਰੇ ਸੇਵਕ ਦੀ ਤੇਰੇ ਅੱਗੇ ਇਹ ਅਰਦਾਸ ਹੈ ਕਿ ਮੈਂ ਤੇਰੇ ਚਰਨ ਜਪ ਜਪ ਕੇ ਜੀਉਂਦਾ ਰਹਾਂ। ਹੇ ਮੇਰੇ ਦਾਤੇ ਪ੍ਰਭੂ ! ਹੇ ਦਇਆ ਦੇ ਘਰ ! ਹੇ ਅਕਾਲ ਪੁਰਖ ਜੀ ! ਜਿਸ ਜੀਵ ਨੂੰ ਤੁਸੀਂ ਸਮਝਾਉਂਦੇ ਹੋ, ਉਸ ਨੇ ਹੀ ਆਪ ਜੀ ਨੂੰ ਜਾਣਿਆ ਹੈ। ਹੇ ਪ੍ਰਭੂ ! ਮੈਂ ਸਦਾ ਤੈਥੋਂ ਸਦਕੇ ਜਾਂਦਾ ਹਾਂ। ਇਸ ਲੋਕ ਅਤੇ ਪਰਲੋਕ ਵਿੱਚ ਤੇਰੀ ਓਟ ਆਸਰਾ ਵੇਖਦਾ ਹਾਂ। ਹੇ ਪ੍ਰਭੂ ਜੀ ! ਮੈਂ ਗੁਣਾਂ ਤੋਂ ਖਾਲੀ ਹਾਂ, ਤੇਰੇ ਕੀਤੇ ਗੁਣਾਂ ਨੂੰ ਨਹੀਂ ਜਾਣਿਆ। ਨਾਨਕ ਜੀ ਬੇਨਤੀ ਕਰਦੇ ਹਨ ਹੇ ਪ੍ਰਭੂ ! ਉਸ ਸਾਧੂ (ਗੁਰੂ) ਨੂੰ ਵੇਖ ਕੇ ਮੇਰਾ ਮਨ ਤੇਰੇ ਪ੍ਰੇਮ ਵਿੱਚ ਰੰਗਿਆ ਗਿਆ ਹੈ। ਉਸ ਬੇਅੰਤ ਪ੍ਰਭੂ ਦੇ ਗੁਣ ਵੀ ਬੇਅੰਤ ਹਨ ਜਿਨ੍ਹਾਂ ਦਾ ਵਰਨਣ ਕਰਨਾ ਜੀਵ ਲਈ ਅਸੰਭਵ ਹੈ।

**ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥ ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥ ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥ ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥** (ਅੰਗ-੪੫੩)

ਹੇ ਪ੍ਰਭੂ ! ਤੇਰੇ ਬੇਅੰਤ ਗੁਣ ਹਨ। ਮੈ ਤੇਰੇ ਕਿਤਨੇ ਕੁ ਗੁਣ ਗਾਇਨ ਕਰਾਂ। ਵੱਡੇ ਭਾਗਾਂ ਨਾਲ ਮੈਂ ਤੇਰੇ ਚਰਨ, ਤੇਰੇ ਚਰਨਾਂ ਦੀ ਧੂੜ ਪਾ ਲਵਾਂ। ਪ੍ਰਭੂ ਦੇ ਚਰਨਾਂ ਦੀ ਧੂੜ ਵਿੱਚ ਇਸ਼ਨਾਨ ਕਰਨ ਨਾਲ ਹਉਮੈਂ ਦੀ ਮੈਲ ਲਹਿ ਜਾਂਦੀ ਹੈ। ਉਹ ਪ੍ਰਭੂ ਅੰਦਰ ਬਾਹਰ ਸਦਾ ਹਾਜ਼ਰ ਹੈ। ਸਭ ਥਾਈਂ ਹਾਜ਼ਰ ਨਾਜ਼ਰ ਅਤੇ ਸੰਗ ਸਾਥ ਵਸਦਾ ਹੈ। ਉਸ ਪ੍ਰਭੂ ਦਾ ਕੀਰਤਨ

ਸੁਣ ਕੇ ਮੇਰੇ ਦੁੱਖ ਕਲੇਸ਼ ਨਾਸ ਹੋ ਗਏ ਹਨ ਅਤੇ ਮੈਂ ਜੂਨੀਆਂ ਵਿੱਚ ਨਹੀਂ ਆਉਂਦਾ। ਨਾਨਕ ਜੀ ਬੇਨਤੀ ਕਰਦੇ ਹਨ ਕਿ ਤੇਰੀ ਸ਼ਰਨ ਵਿੱਚ ਪੈ ਕੇ ਤਰਿਆ ਜਾਂਦਾ ਹੈ।

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ੨੪ ਵੀਂ ਪਉੜੀ ਅੰਦਰ ਪ੍ਰਭੂ ਦੀ ਬੇਅੰਤਤਾ ਦਾ ਜ਼ਿਕਰ ਕਰਦੇ ਹੋਏ ਆਖ ਰਹੇ ਹਨ :

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥** (ਜਪੁਜੀ ਸਾਹਿਬ ਪਉੜੀ ੨੪)

ਪਰਮਾਤਮਾ ਦੀਆਂ ਸਿਫਤਾਂ ਦਾ ਅੰਤ ਨਹੀਂ ਹੈ, ਇਸ ਲਈ ਸਿਫਤਾਂ ਕਹਿਣ ਨਾਲ ਵੀ ਸਿਫਤਾਂ ਦਾ ਅੰਤ ਨਹੀਂ ਹੋ ਜਾਂਦਾ ਅਰਥਾਤ ਸਿਫਤਾਂ ਮੁੱਕਦੀਆਂ ਨਹੀਂ। ਉਸ ਦੇ ਕਰਣਿਆਂ ਅਰਥਾਤ ਉਸ ਦੇ ਕੀਤੇ ਕੰਮ ਦਾ ਅੰਤ ਨਹੀਂ। ਉਸ ਦੀਆਂ ਦਾਤਾਂ ਜੀਵਾਂ ਨੂੰ ਦੇਣ ਨਾਲ ਮੁੱਕਦੀਆਂ ਨਹੀਂ ਉਨ੍ਹਾਂ ਦਾ ਅੰਤ ਨਹੀਂ ਹੈ। ਉਸ ਦੇ ਮਨ ਵਿੱਚ ਕੀ ਸਲਾਹ ਹੈ ? ਇਸ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਨਾ ਹੀ ਦਿਸਦੇ ਹੋਏ ਬਣਾਏ ਜਗਤ ਦਾ ਅੰਤ ਲੱਭਦਾ ਹੈ। ਨਾ ਇਸ ਦਿਸਦੇ ਹੋਏ ਸੰਸਾਰ ਦਾ ਪਾਰ ਉਤਾਰੇ ਦਾ ਅੰਤ ਲੱਭਦਾ ਹੈ। ਇਨ੍ਹਾਂ ਸਾਰੇ ਅੰਤਾਂ ਨੂੰ ਪਾਉਣ ਲਈ ਕਿਤਨੇ ਹੀ ਮਨੁੱਖ ਵਿਲਕਦੇ ਰਹੇ ਹਨ ਪਰ ਉਸ ਦੇ ਅੰਤ ਨਹੀਂ ਪਾਇਆ ਜਾ ਸਕਦਾ। ਅੰਤ ਪਾਉਣ ਦੀ ਕੀ ਗੱਲ ਕਰਦੇ ਹੋ, ਇਹ ਅੰਤ ਤਾਂ ਕੋਈ ਵੀ ਨਹੀਂ ਜਾਣ ਸਕਦਾ। ਕਿਉਂਕਿ ਜੇਕਰ ਕੋਈ ਉਸ ਦੇ ਅੰਤ ਬਾਰੇ ਕਹਿਣ ਦਾ ਜਤਨ ਕਰਦਾ ਹੈ ਤਾਂ ਉਸ ਦੇ ਉਪਮਾ ਬਹੁਤ ਹੋਣ ਕਰਕੇ, ਜੀਵ ਦੀ ਸਮਰੱਥਾ ਨਹੀਂ ਕਿ ਉਹ ਬਹੁਤੇ ਗੁਣਾਂ ਵਾਲੇ ਪ੍ਰਭੂ ਦੀ ਸਿਫਤ ਸਾਲਾਹ ਕਰ ਸਕੇ। ਗੁਣਾਂ ਕਰਕੇ ਉਹ ਇਤਨਾ ਉੱਚਾ ਹੈ ਕਿ ਉਸ ਦੇ ਬਰਾਬਰ ਦੂਜਾ ਕੋਈ ਨਹੀਂ, ਜਿਸ ਕਰਕੇ ਉਸ ਦੀ ਸਿਫਤ ਤਕ ਪੁੱਜਣਾ ਅਸੰਭਵ ਹੈ। ਅੰਤ ਇਹੀ ਕਹਿੰਦੇ ਹਨ ਕਿ ਉਹ ਆਪ ਹੀ ਜਾਣਦਾ ਹੈ ਕਿ ਉਹ ਕਿਤਨਾ ਵੱਡਾ ਹੈ।

**ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥** (ਅੰਗ-੪੭੫)

**ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥** (ਅੰਗ-੫੯੬)

ਭਾਈ ਗੁਰਦਾਸ ਜੀ ਨੇ ਪਰਮੇਸ੍ਵਰ ਦੀ ਇਸ ਬੇਅੰਤਤਾ ਦਾ ਆਪਣੀਆਂ ਵਾਰਾਂ ਦੀ ਅੱਠਵੀਂ ਵਾਰ ਵਿੱਚ ਜਿਵੇਂ ਵਰਨਣ ਕੀਤਾ ਹੈ, ਉਸ ਦਾ ਹੁਣ ਵਰਨਣ ਕਰਦੇ ਹਾਂ :

**ਇਕੁ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਾਸਾਰਾ।**

**ਪੰਜਿ ਤਤ ਪਰਵਾਣੁ ਕਰਿ ਚਹੁੰ ਖਾਣੀ ਵਿਚਿ ਸਭ ਵਰਤਾਰਾ।**
**ਕੇਵਡੁ ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।**
**ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।**
**ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੁਲੁ ਅਤੋਲੁ ਭੰਡਾਰਾ।**
**ਕੇਵਡੁ ਆਖਾ ਸਿਰਜਣਹਾਰਾ ।੧।** (ਭਾਈ ਗੁਰਦਾਸ ਜੀ, ਵਾਰ ੮, ਪਉੜੀ ੧)

ਇੱਕ ਫੁਰਨੇ ਦਾ ਪਸਾਰਾ ਕਰਕੇ ਆਪਣੀ ਮਾਇਆ ਅੰਦਰ ਹੀ ਇਸ ਸੰਸਾਰ ਨੂੰ ਕੀਤਾ ਹੈ। ਪੰਜਾਂ ਤੱਤਾਂ ਨੂੰ ਪੈਦਾ ਕਰਕੇ ਸਭਨਾਂ ਚਹੁੰ ਖਾਣੀਆਂ ਵਿੱਚ ਇਨ੍ਹਾਂ ਤੱਤਾਂ ਵਿੱਚ ਵਰਤਾਰਾ ਹੈ। ਕਿਡੀ ਕੁ ਵੱਡੀ ਧਰਤੀ ਆਖੀ ਜਾਵੇ ਤੇ ਕਿਡਾ ਕੁ ਵੱਡਾ ਧਰਤੀ ਦਾ ਤੋਲ ਹੈ ਅਤੇ ਕਿਡਾ ਕੁ ਵੱਡਾ ਅਕਾਸ਼ ਦਾ ਆਕਾਰ ਕਹਿਆ ਜਾ ਸਕਦਾ ਹੈ। ਕਿਡੀ ਕੁ ਵੱਡੀ ਪਉਣ ਆਖੀਐ ਤੇ ਵਿਸਥਾਰ ਵਾਲੇ ਪਾਣੀ ਦਾ ਕਿਡਾ ਕੁ ਵੱਡਾ ਹੋਣ ਦਾ ਤੋਲ ਵਿਚਾਰ ਹੈ। ਕਿਡੀ ਕੁ ਵੱਡੀ ਅਗਨੀ ਦਾ ਭਾਰ ਹੈ। ਇਨ੍ਹਾਂ ਸਾਰੇ ਤੱਤਾਂ ਦੇ ਤੋਲਣ ਲਈ ਕੋਈ ਵੱਟਾ ਨਹੀਂ ਕਿਉਂਕਿ ਇਨ੍ਹਾਂ ਦਾ ਭੰਡਾਰਾ ਅਡੋਲ ਹੈ। ਦੱਸੋ ਜੇਕਰ ਇਨ੍ਹਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ਤਾਂ ਇਨ੍ਹਾਂ ਦੇ ਪੈਦਾ ਕਰਨ ਵਾਲੇ ਨੂੰ ਕਿੱਡਾ ਕੁ ਵੱਡਾ ਆਖੀਐ ।

ਪਰਮੇਸ਼ਰ ਦੀ ਕੁਦਰਤ ਬਾਰੇ ਵਿਚਾਰ ਕਰਦੇ ਹੋਏ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

**ਚਉਰਾਸੀਹ ਲਖ ਜੋਨਿ ਵਿਚਿ ਜਲੁ ਥਲੁ ਮਹੀਅਲੁ ਤ੍ਰਿਭਵਣ ਸਾਰਾ ।**
**ਇਕਸਿ ਇਕਸਿ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।**
**ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ।**
**ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।**
**ਸਿਰਿ ਸਿਰਿ ਲੇਖ ਅਲੇਖੁ ਦਾ ਲੇਖ ਅਲੇਖ ਉਪਾਵਣੁਹਾਰਾ ।**
**ਕੁਦਰਤਿ ਕਵਣੁ ਕਰੈ ਵਿਚਾਰਾ ।੨।** (ਭਾਈ ਗੁਰਦਾਸ ਜੀ, ਵਾਰ ੮, ਪਉੜੀ ੨)

ਜਲਾਂ ਤੇ ਪ੍ਰਿਥਵੀ ਦੇ ਥਲਾਂ ਤੇ ਅਕਾਸ਼ ਇਨ੍ਹਾਂ ਤਿੰਨਾਂ ਭਵਨਾਂ ਵਿੱਚ ਚੁਰਾਸੀ ਲੱਖ ਜੂਨੀਆਂ ਬਣਾਈਆਂ ਹਨ। ਇੱਕ ਇੱਕ ਜੂਨੀ ਵਿੱਚ ਅਣਗਿਣਤ ਜੀਵ ਤੇ ਅਪਾਰ ਜੀਵ ਜੰਤੂ ਪੈਦਾ ਕੀਤੇ ਹਨ। ਕਰੋੜਾਂ ਬ੍ਰਹਿਮੰਡਾਂ ਦੀ ਗਿਣਤੀ ਦੇ ਸੁਆਸਾਂ-ਗਿਰਾਸਾਂ ਦੀ ਆਪ ਸੰਭਾਲ ਕਰਦਾ ਹੈ। ਵਾਹਿਗੁਰੂ ਜੀ ਨੇ ਆਪਣੇ ਰੋਮ ਰੋਮ ਵਿੱਚ ਓਅੰਕਾਰ ਦੇ ਆਕਾਰ ਦਾ ਵਿਸਥਾਰ ਕਰਕੇ ਰੱਖਣਾ ਕੀਤਾ ਹੈ। ਜੀਵਾਂ ਦੇ ਸਿਰ ਸਿਰ ਤੇ ਵਾਹਿਗੁਰੂ ਦਾ ਹੁਕਮ ਹੈ ਤੇ ਪੈਦਾ ਕਰਨ ਵਾਲਾ ਵਾਹਿਗੁਰੂ ਲੇਖ ਤੋਂ ਅਲੇਖ ਹੈ। ਇਸ ਦੀ ਕੁਦਰਤ ਦਾ ਵਿਚਾਰ ਕੌਣ ਕਰੇ ਅਰਥਾਤ ਕਿਸੇ ਦੀ ਇਤਨੀ ਸਮਰੱਥਾ ਨਹੀਂ ਹੈ ਕਿ ਉਹ ਇਸ ਉਪਰ ਕੋਈ ਵਿਚਾਰ ਕਰ ਸਕੇ।

ਉਸ ਪਰਮੇਸ਼ਰ ਨੂੰ ਆਸੁਰੀ ਗੁਣਾਂ ਵਾਲੇ ਅਤੇ ਦੈਵੀ ਗੁਣਾਂ ਵਾਲੇ ਹਰ ਤਰ੍ਹਾਂ ਦੇ ਜੀਵ ਉਪਾਏ ਹਨ। ਇਹ ਵੀ ਉਸ ਦੀ ਮੌਜ ਹੈ ਜਿਸ ਬਾਰੇ ਵਰਨਣ ਕਰਨਾ ਅਸੰਭਵ ਹੈ। ਇਸ

ਬਾਰੇ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ :

**ਕੇਵਡੁ ਸਤੁ ਸੰਤੋਖੁ ਹੈ ਦਯਾ ਧਰਮੁ ਤੇ ਅਰਥੁ ਵੀਚਾਰਾ ।**
**ਕੇਵਡੁ ਕਾਮੁ ਕਰੋਧੁ ਹੈ ਕੇਵਡੁ ਲੋਭੁ ਮੋਹੁ ਅਹੰਕਾਰਾ।**
**ਕੇਵਡੁ ਦ੍ਰਿਸਟਿ ਵਖਾਣੀਐ ਕੇਵਡੁ ਰੂਪੁ ਰੰਗੁ ਪਰਕਾਰਾ।**
**ਕੇਵਡੁ ਸੁਰਤਿ ਸਲਾਹੀਐ ਕੇਵਡੁ ਸਬਦੁ ਵਿਥਾਰੁ ਪਸਾਰਾ।**
**ਕੇਵਡੁ ਵਾਸੁ ਨਿਵਾਸੁ ਹੈ ਕੇਵਡੁ ਗੰਧ ਸੁਗੰਧਿ ਅਚਾਰਾ।**
**ਕੇਵਡੁ ਰਸ ਕਸ ਆਖੀਅਨਿ ਕੇਵਡੁ ਸਾਦ ਨਾਦ ਓਅੰਕਾਰਾ।**
**ਅੰਤੁ ਬਿਅੰਤੁ ਨ ਪਾਰਾਵਾਰਾ ।੩।** (ਵਾਰ ੮, ਪਉੜੀ ੩)

ਸਤ, ਸੰਤੋਖ, ਦਇਆ, ਧਰਮ ਤੇ ਵਿਚਾਰ ਕਿਡਾ ਕੁ ਵੱਡਾ ਹੈ। ਕਿਡਾ ਕੁ ਵੱਡਾ ਕਾਮ, ਕ੍ਰੋਧ ਹੈ ਤੇ ਲੋਭ, ਮੋਹ, ਅਹੰਕਾਰ ਕਿਡੇ ਕੁ ਵੱਡੇ ਹਨ। ਨੇਤ੍ਰਾਂ ਵਿੱਚ ਦ੍ਰਿਸ਼ਟ (ਦੇਖਣ ਸ਼ਕਤੀ) ਹੈ ਸੋ ਕਿਡੀ ਕੁ ਵੱਡੀ ਹੈ ਅਤੇ ਇਸ ਦਾ ਵਿਖਾ ਰੂਪ, ਰੰਗ ਦੇ ਪ੍ਰਕਾਰ ਕਿਡਾ ਕੁ ਵੱਡੇ ਹਨ। ਸੁਰਤ ਦੀ ਸਾਲਾਹੁਣਾ ਕਰੀਏ ਤਾਂ ਇਸ ਦਾ ਵਿਸਥਾਰ ਰੂਪ ਸ਼ਬਦ ਦਾ ਪਸਾਰਾ ਕਿਡਾ ਕੁ ਵੱਡਾ ਜਾਣੀਦਾ ਹੈ। ਨਾਸਕਾ ਵਿੱਚ ਜੋ ਵਾਸਨਾ ਨੂੰ ਗ੍ਰਹਿਣ ਸ਼ਕਤੀ ਦਾ ਨਿਵਾਸ ਹੈ ਸੋ ਕਿਡਾ ਕੁ ਵੱਡਾ ਹੈ ਅਤੇ ਉਸ ਦਾ ਦਿਖਾਉ ਦੁਰਗੰਧੀ ਤੇ ਸੁਗੰਧੀ ਦੇ ਕਰਤੱਬ ਕਿਡੇ ਕੁ ਵੱਡੇ ਹਨ। ਰਸਾਂ ਕਸਾਂ ਦੇ ਸੁਆਦ ਨੂੰ ਕਿਡਾ ਕੁ ਵੱਡੀ ਆਖੀਏ ਤੇ ਫੁਰਨੇ ਅਤੇ ਨਾਦਾਂ ਦੇ ਸੁਆਦ ਕਿਡੇ ਕੁ ਵੱਡੇ ਹਨ। ਅੰਤ ਤੋਂ ਬੇਅੰਤ ਹਨ। ਇਨ੍ਹਾਂ ਦਾ ਪਾਰ ਉਤਾਰ ਨਹੀਂ ਜਾਣਿਆ ਜਾ ਸਕਦਾ।

ਸਾਡੇ ਜੀਵਾਂ ਦੇ ਦੁੱਖਾਂ-ਸੁੱਖਾਂ ਅਤੇ ਹਰਖ ਤੇ ਸੋਗ ਦੀਆਂ ਪ੍ਰਵਿਰਤੀਆਂ ਦੇ ਪਸਾਰੇ ਦਾ ਵੀ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇਸ ਬਾਰੇ ਵਰਨਣ ਕਰਦੇ ਹੋਏ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

**ਕੇਵਡੁ ਦੁਖੁ ਸੁਖੁ ਆਖੀਐ ਕੇਵਡੁ ਹਰਖੁ ਸੋਗੁ ਵਿਸਥਾਰਾ।**
**ਕੇਵਡੁ ਸਚੁ ਵਖਾਣੀਐ ਕੇਵਡੁ ਕੂੜੁ ਕਮਾਵਣਹਾਰਾ।**
**ਕੇਵਡੁ ਰੁਤੀ ਮਾਹ ਕਰਿ ਦਿਹ ਰਾਤੀ ਵਿਸਮਾਦੁ ਵੀਚਾਰਾ।**
**ਆਸਾ ਮਨਸਾ ਕੇਵਡੀ ਕੇਵਡੁ ਨੀਦ ਭੁਖ ਅਹਾਰਾ।**
**ਕੇਵਡੁ ਆਖਾਂ ਭਾਉ ਭਉ ਸਾਂਤਿ ਸਹਜਿ ਉਪਕਾਰ ਵਿਕਾਰਾ।**
**ਤੋਲੁ ਅਤੋਲੁ ਨ ਤੋਲਣਹਾਰਾ ।੪।** (ਵਾਰ ੮, ਪਉੜੀ ੪)

ਦੁੱਖ ਸੁਖ ਕਿਡੇ ਵੱਡੇ ਆਖੀਏ ਤੇ ਹਰਖ ਸੋਗ ਦਾ ਵਿਸਥਾਰ ਕਿਡਾ ਕੁ ਵੱਡਾ ਹੈ। ਕਿਡਾ ਕੁ ਸਚ ਕਥਨ ਕਰੀਏ ਤੇ ਕਿਡਾ ਕੁ ਵੱਡਾ ਝੂਠ ਹੈ ਤੇ ਕਿਤਨੇ ਹੀ ਝੂਠ ਦੇ ਕਮਾਉਣ ਵਾਲੇ ਹਨ। ਮਹੀਨੇ, ਰੁੱਤਾਂ, ਦਿਨ, ਰਾਤ ਤੇ ਵਿਸਮਾਦ ਤਾਈ ਦਾ ਜਿਕਰ ਤੇ ਵਿਚਾਰ ਕਿਡਾ ਕਰਿਆ ਜਾ ਸਕਦਾ ਹੈ। ਆਸਾ ਮਨਸਾ ਕਿਡੀ ਵੱਡੀ ਹੈ ਤੇ ਨੀਂਦਰ ਤੇ ਭੁੱਖ ਦਾ ਫੈਲਾਉ ਤੇ ਅਕਾਰ ਕਿਡਾ

ਕੁ ਵੱਡਾ ਹੈ। ਪ੍ਰੇਮ, ਡਰ, ਸ਼ਾਂਤ ਗਿਆਨ ਉਪਕਾਰ ਤੇ ਵਿਕਾਰਾਂ ਦਾ ਆਖਣਾ ਕਿਡਾ ਕੁ ਵੱਡਾ ਹੈ। ਇਹ ਸਾਰੇ ਤੋਲ ਤੋਂ ਅਤੋਲ ਹਨ ਅਤੇ ਨਾ ਹੀ ਕੋਈ ਇਨ੍ਹਾਂ ਦੇ ਤੋਲਣ ਵਾਲਾ ਹੈ। ਇਸੇ ਪ੍ਰਕਾਰ ਹੀ ਪ੍ਰਭੂ ਦੀ ਸੰਜੋਗ ਤੇ ਵਿਜੋਗ ਸ਼ਕਤੀ ਵੀ ਬੇਅੰਤ ਹੈ। ਕਿਤਨੇ ਹੀ ਜੀਵ ਖੁੱਸ਼ੀਆਂ ਅੰਦਰ ਹੱਸ ਰਹੇ ਹਨ ਅਤੇ ਕਿਤਨੇ ਹੀ ਜੀਵ ਗਮੀਆਂ ਦੇ ਵਿੱਚ ਪਏ ਹੋਏ ਰੋ ਰਹੇ ਹਨ :

**ਕੇਵਡੁ ਤੋਲੁ ਸੰਜੋਗੁ ਦਾ ਕੇਵਡੁ ਤੋਲੁ ਵਿਜੋਗੁ ਵੀਚਾਰਾ।**
**ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।**
**ਕੇਵਡੁ ਹੈ ਨਿਰਵਿਰਤਿ ਪਖੁ ਕੇਵਡੁ ਹੈ ਪਰਵਿਰਤਿ ਪਸਾਰਾ।**
**ਕੇਵਡੁ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।**
**ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।**
**ਦਾਨੈ ਕੀਮਤਿ ਨਾ ਪਵੈ ਕੇਵਡੁ ਦਾਤਾ ਦੇਵਣਹਾਰਾ।**
**ਅਕਥ ਕਥਾ ਅਬਿਗਤਿ ਨਿਰਧਾਰਾ ।੪।** (ਭਾਈ ਗੁਰਦਾਸ ਜੀ, ਵਾਰ ੮, ਪਉੜੀ ੪)

ਪ੍ਰਭੂ ਦੀ ਸੰਜੋਗ ਸ਼ਕਤੀ ਦਾ ਕਿਡਾ ਵੱਡਾ ਤੋਲ ਹੈ ਅਤੇ ਉਸ ਦੀ ਵਿਯੋਗ ਸ਼ਕਤੀ ਦੇ ਤੋਲ ਦਾ ਕਿਡਾ ਵੱਡਾ ਵਿਚਾਰ ਕਰੀਏ। ਕਿਡੀ ਕੁ ਵੱਡਾ ਉਸ ਦੇ ਪੈਦਾ ਕੀਤੇ ਜੀਵਾਂ ਦਾ ਹੱਸਣਾ ਆਖੀਏ ਅਤੇ ਰੋਵਣ ਵਾਲਿਆਂ ਦੇ ਵਿਸਥਾਰ ਨੂੰ ਕਿਡਾ ਕੁ ਵੱਡਾ ਕਹਿ ਸਕਦੇ ਹਾਂ। ਉਸ ਦਾ ਨਿਰਵਿਰਤੀ ਪੱਖ ਕਿਡਾ ਕੁ ਵੱਡਾ ਹੈ ਅਤੇ ਪਰਵਿਤਰੀ ਦੇ ਪੱਖ ਦਾ ਪਸਾਰਾ ਵੀ ਕਿਡਾ ਕੁ ਵੱਡਾ ਹੈ। ਪੁੰਨ ਤੇ ਪਾਪ ਵਿੱਚ ਲੱਗੇ ਹੋਏ ਜੀਵਾਂ ਦਾ ਕਿਡਾ ਕੁ ਵਿਸਥਾਰ ਆਖੀਏ ਅਤੇ ਉਸ ਦੇ ਮੁਕਤੀ ਦੇ ਦਰਵਾਜੇ ਅਥਵਾ ਗਿਆਨ ਨੂੰ ਕਿਡਾ ਕੁ ਵੱਡਾ ਆਖ ਸਕਦੇ ਹਾਂ। ਉਸ ਦੀ ਕੁਦਰਤ ਦੇ ਪਸਾਰੇ ਨੂੰ ਕਿਡਾ ਕੁ ਵੱਡਾ ਕਹਿ ਸਕਦੇ ਹਾਂ ਕਿਉਂਕਿ ਇੱਕ ਕੁਦਰਤ ਤੋਂ ਲੱਖਾਂ ਹਜਾਰਾਂ ਕੁਦਰਤ ਦੀਆਂ ਸ਼ਕਤੀਆਂ ਦਾ ਵਰਤਾਰਾ ਵਰਤ ਰਿਹਾ ਹੈ। ਉਸ ਦੀਆਂ ਦਿਤੀਆਂ ਦਾਤਾਂ ਦੀ ਮਰਯਾਦਾ ਦਾ ਅੰਤ ਵੀ ਨਹੀਂ ਪੈਂਦਾ ਤਾਂ ਸੋਚੇ ਕਿ ਉਹ ਜੋ ਦਾਤਾਂ ਦੇਣ ਵਾਲਾ ਦਾਤਾਰ ਹੈ, ਉਹ ਕਿਡਾ ਕੁ ਵੱਡਾ ਹੋਵੇਗਾ। ਭਾਈ ਗੁਰਦਾਸ ਜੀ ਆਖਦੇ ਹਨ ਕਿ ਅਬਿਗਤ ਵਾਹਿਗੁਰੂ ਦੀ ਕਥਾ ਅਕਥ ਹੈ ਜਿਸ ਦਾ ਨਿਰਣਾ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਪਉੜੀਆਂ ਰਾਹੀਂ ਭਾਈ ਗੁਰਦਾਸ ਜੀ ਨੇ ਵਾਹਿਗੁਰੂ ਜੀ ਦੀਆਂ ਬਣਾਈਆਂ ਹੋਈਆਂ ਵਸਤਾਂ ਦੀ ਬੇਅੰਤਤਾ ਨੂੰ ਪ੍ਰਗਟ ਕਰਕੇ ਸਾਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਹੈ ਕਿ ਜੇਕਰ ਉਸ ਦੀਆਂ ਬਣਾਈਆਂ ਪੈਦਾ ਕੀਤੀਆਂ ਸਿਰਜੀਆਂ ਹੋਈਆਂ ਵਸਤੂਆਂ ਦਾ ਅੰਤ ਨਹੀਂ ਪਇਆ ਜਾ ਸਕਦਾ ਤਾਂ ਜਰਾ ਸੋਚੇ ਕਿ ਉਹ ਸਿਰਜਣ ਹਾਰ ਕਿਡਾ ਕੁ ਵਡਾ ਤੇ ਕਿਤਨੀਆਂ ਕੁ ਸ਼ਕਤੀਆਂ ਦਾ ਮਾਲਕ ਹੋਵੇਗਾ ਅਤੇ ਉਸ ਦਾ ਕਦੇ ਵੀ ਅੰਤ ਨਹੀਂ ਪਾਇਆ ਜਾ ਸਕਦਾ।

**ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥**
**ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥** (ਅੰਗ-੧੫੬) -0-0-0-

# ਸਤਿ-ਅਸਤਿ
## (ਸੱਚ-ਝੂਠ)

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਸਤਿ-ਅਸਤਿ ਦਾ ਨਬੇੜਾ ਕਰਨਾ, ਇਸ ਸ਼ਬਦ ਦੇ ਅਰਥਾਂ, ਭਾਵਾਰਥਾਂ ਅਤੇ ਨਿੱਤ ਦੇ ਜੀਵਨ ਵਿੱਚ ਇਸ ਦੇ ਪ੍ਰਯੋਗ ਨੂੰ ਸਮਝਣ ਲਈ ਬੜੀ ਸੂਝ ਦੀ ਲੋੜ ਹੈ। ਇਸ ਦਾ ਗਿਆਨ ਨਿੱਜੀ ਅਨੁਭਵ ਬਿਨਾਂ ਨਹੀਂ ਹੋ ਸਕਦਾ ਜਿਸ ਵਿਅਕਤੀ ਤੇ ਕ੍ਰਿਪਾ ਕਰਕੇ ਸਤਿਗੁਰੂ ਬੁਝਾਏ ਉਸ ਨੂੰ ਕੁਝ ਸੋਝੀ ਹੋ ਸਕਦੀ ਹੈ।

**ਸੱਚ, ਝੂਠ ਕੀ ਹੈ ?**

ਸੱਚ ਕੀ ਹੈ ? ਝੂਠ ਕੀ ਹੈ ? ਦਾ ਅਨੁਭਵ ਬੜੀਆਂ ਘਾਲਣਾ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਚੰਗੇ ਪੁਰਸ਼ਾਂ ਹੀ ਸੰਗਤ, ਚੰਗੀਆਂ ਪੁਸਤਕਾਂ ਦਾ ਅਧਿਐਨ ਅਤੇ ਅੰਤਹਕਰਨ ਤੋਂ ਸੱਚ ਨੂੰ ਸਮਝਣ ਦੀ ਰੁਚੀ, ਇਸ ਦੇ ਵਾਸਤੇ ਸਹਾਈ ਹੁੰਦੇ ਹਨ।

ਅਸੀਂ ਸਮਝਦੇ ਹਾਂ ਕਿ ਇਹ ਦੁਨੀਆਂ ਜਿਸ ਵਿੱਚ ਅਸੀਂ ਆਪਣੀ ਆਪਣੀ ਆਯੂ ਦਾ ਸਮਾਂ ਗੁਜ਼ਾਰਦੇ ਹਾਂ, ਸੱਚੀ ਹੈ। ਪਰ ਨਹੀਂ ਕੁਝ ਸਾਲਾਂ ਤੋਂ ਬਾਅਦ ਹਰ ਪ੍ਰਾਣੀ ਇਸ ਪੰਜ-ਭੌਤਿਕ ਸਰੀਰ ਨੂੰ ਤਿਆਗ ਦਿੰਦਾ ਹੈ। ਰਿਸ਼ਤੇਦਾਰ, ਸਾਕ ਸੰਬੰਧੀ ਸਰੀਰ ਨੂੰ ਅਗਨੀ ਦੀ ਭੇਟ, ਜਲ ਪ੍ਰਵਾਹ ਜਾਂ ਧਰਤੀ ਹੇਠਾਂ ਦੱਬ ਦਿੰਦੇ ਹਨ। ਪੰਜ ਭੌਤਿਕ ਸਰੀਰ ਮੁੜ ਕੇ ਪੰਜਾਂ ਤੱਤਾਂ ਵਿੱਚ ਹੀ ਰਲ ਜਾਂਦਾ ਹੈ। ਫਲਾਂ (ਸਿੰਘ) ਅਮਕਾ (ਰਾਮ) ਤਾਂ ਨਹੀਂ ਰਹਿੰਦਾ। ਫੇਰ ਇਹ ਦੁਨੀਆਂ ਕਿਵੇਂ ਸਤਿ ਹੋਈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਝੂਠ ਦਾ ਨਿਸਤਾਰਾ ਕਰਨ ਲਈ ਭਾਈ ਮਰਦਾਨੇ ਨੂੰ ਸ਼ਹਿਰ ਭੇਜਿਆ ਸੀ, ਸਾਖੀ ਸਾਰਿਆਂ ਨੂੰ ਪਤਾ ਹੋਵੇਗੀ। ਸਭ ਦੁਕਾਨਦਾਰ ਹੈਰਾਨ ਸਨ। ਸ਼ਾਇਦ ਇਹ ਵੀ ਸੋਚਦੇ ਹੋਣ ਕਿ ਇਸ ਸਾਧੂ ਦਾ ਦਿਮਾਗ ਖਰਾਬ ਹੈ, ਜੋ ਪੈਸਿਆਂ ਦਾ ਸੱਚ ਝੂਠ ਮੰਗਦਾ ਫਿਰਦਾ ਹੈ ਅਖੀਰ ਕਿਸੇ ਅਨੁਭਵ ਵਾਲੇ ਨੇ ਲਿੱਖ ਕੇ ਸੱਚ ਝੂਠ ਦਾ ਸੌਦਾ ਵੇਚ ਹੀ ਦਿੱਤਾ ਸੀ, ਲਿਖਿਆ ਸੀ :-

ਜੀਣਾ ਝੂਠ ਤੇ ਮਰਨਾ ਸੱਚ ।

ਹਾਂ। ਇਹੋ ਗੱਲ ਸੱਚ ਹੈ। ਇਸ ਵਿੱਚ ਰੱਤੀ ਭਰ ਵੀ ਸੰਦੇਹ ਨਹੀਂ। ਪਰ ਸ਼ੱਕ ਸਭ ਨੂੰ ਪਿਆ ਹੋਇਆ ਹੈ। ਇਸ ਸ਼ੱਕ ਦੀ ਨਵਿਰਤੀ ਡੂੰਘੀ ਵਿਚਾਰ ਦੇ ਪਿਛੋਂ ਹੀ ਹੁੰਦੀ ਹੈ।

ਫੇਰ ਅਸੀਂ ਸਮਝਦੇ ਹਾਂ ਕਿ ਮਾਤਾ ਪਿਤਾ, ਧੀਆਂ ਪੁੱਤਰਾਂ, ਭੈਣਾਂ ਭਰਾਵਾਂ, ਦੋਸਤਾਂ ਮਿਤ੍ਰਾਂ ਪਤੀ-ਪਤਨੀ ਅਤੇ ਹੋਰ ਰਿਸ਼ਤੇਦਾਰ ਸੰਬੰਧੀਆਂ ਦਾ ਪਿਆਰ (ਮੋਹ) ਸੱਚਾ ਹੈ। ਮਿੱਠਾ ਵੀ ਹੈ। ਪਰ ਨਹੀਂ ! ਰੋਜ਼ ਨਵੇਂ ਕਿੱਸੇ ਸੁਣਦੇ ਹਾਂ, ਅਖਬਾਰਾਂ ਦੀਆਂ ਸੁਰਖੀਆਂ ਹੁੰਦੀਆਂ ਹਨ, ਭਰਾ ਨੇ ਭਰਾ ਦਾ ਕਤਲ ਕਰ ਦਿੱਤਾ, ਪਤੀ ਨੇ ਪਤਨੀ ਨੂੰ ਅੱਗ ਲਾ ਦਿੱਤੀ। ਪੁੱਤਰ ਹੱਥੋਂ ਬਾਪ ਦੀ ਹੱਤਿਆ ਆਦਿ ਆਦਿ। ਭੈਣਾਂ ਭਰਾਵਾਂ ਦੇ ਵਿਚਕਾਰ ਜਾਇਦਾਦ ਪਿੱਛੇ ਚਲ ਰਹੇ ਮੁਕੱਦਮਿਆਂ ਦੀਆਂ ਕਹਾਣੀਆਂ ਦਾ ਤਾਂ ਕੋਈ ਹਿਸਾਬ ਹੀ ਨਹੀਂ :-

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥** (ਅੰਗ-੫੩੬)

ਦਾਰਾ (ਇਸਤ੍ਰੀ) ਹਰ ਸਮੇਂ ਤੁਹਾਡੇ ਅੰਗ ਲੱਗ ਕੇ ਰਹਿਣਾ ਚਾਹੁੰਦੀ ਹੈ ਅਤੇ ਅੰਗ ਲੱਗੀ ਰਹਿੰਦੀ ਹੈ। ਤੁਸੀਂ ਉਸ ਨੂੰ ਅਤੇ ਉਹ ਤੁਹਾਨੂੰ ਬੇਹੱਦ ਪਿਆਰ ਕਰਦੇ ਹੋ। ਵਾਸ਼ਨਾਵਾਂ ਦੀ ਪੂਰਤੀ ਲਈ ਇੱਕ ਦੂਜੇ ਲਈ ਲੋਚਦੇ ਹਾਂ, ਪਰ ਜਦੋਂ ਤੁਸੀਂ (ਮਨੁੱਖ) ਪੰਜ ਭੌਤਕ ਸਰੀਰ ਨੂੰ ਛੱਡ ਦਿੰਦੇ ਹੋ, ਤੁਹਾਡੀ ਇਸਤ੍ਰੀ ਤੁਹਾਨੂੰ ਭੂਤ ਆਖਣਾ ਸ਼ੁਰੂ ਕਰ ਦਿੰਦੀ ਹੈ, ਜੀਵਨ ਦਾ ਸਫਰ ਜਿੰਨੇ ਕੁ ਸਾਲ ਦਾ ਹੈ ਸਾਥੀ ਦਾ ਸਾਥ ਤਾਂ ਨਿਭਾਉਣਾ ਹੀ ਹੈ ਪਰ ਨਿਭਾਉਣ ਨਿਭਾਉਣ ਵਿੱਚ ਫਰਕ ਹੈ। ਅਸਲੀਅਤ ਕੀ ਹੈ, ਇਹ ਸੋਚਣਾ ਹੈ :-

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥** (ਅੰਗ-੬੩੪)

ਬੜੀਆਂ ਥੋੜੀਆਂ ਜੋੜੀਆਂ ਹਨ, ਜਿਨ੍ਹਾਂ ਦਾ ਆਤਮਿਕ ਪਿਆਰ ਹੁੰਦਾ ਹੈ। ਪਿਆਰ ਹੀ ਸੱਚਾ ਆਤਮਿਕ ਅਨੰਦ ਹੈ। ਜੇਕਰ ਪਿਆਰ ਸੱਚਾ (ਸਤਿ) ਹੈ ਤਾਂ ਫੇਰ ਅਨੰਦ ਹੈ ਇੱਕ ਦੂਜੇ ਪ੍ਰਤੀ ਪੂਰਨ ਤੌਰ ਤੇ ਆਪਾ ਅਰਪਨ ਕਰਨ ਦੀ ਲੋੜ ਹੈ। :-

**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥** (ਅੰਗ-੭੮੮)

ਦੋ ਮੂਰਤਾਂ ਪਤੀ-ਪਤਨੀ ਦੀਆਂ ਇੱਕ ਜੋਤਿ ਉਦੋਂ ਹੀ ਬਣ ਸਕਦੀਆਂ ਹਨ ਜਦੋਂ ਉਹ ਸੱਚ ਨੂੰ ਪਛਾਣ ਲੈਣ। ਆਤਮਾ ਦੇ ਵਾਸੀ ਹੋਣ। ਸੱਚ ਦੇ ਸਾਗਰ ਦੀ ਇੱਕ ਬੂੰਦ ਇਸ ਦੰਪਤੀ ਜੋੜੇ ਦੇ ਅੰਦਰ ਜੇਕਰ ਹੋਵੇਗੀ ਤਾਂ ਫੇਰ ਇਸ ਜੀਵਨ ਦਾ ਮਜ਼ਾ ਤੇ ਪ੍ਰਲੋਕ ਦਾ ਵੀ ਅਨੰਦ ਮਾਣਿਆ ਜਾ ਸਕਦਾ ਹੈ।

ਇਨਸਾਨ ਨੂੰ ਵਿਆਹ ਕਰਵਾਉਣ ਦੀ ਕੀ ਲੋੜ ਹੈ। ਕੇਵਲ ਵਿਸ਼ਿਆਂ ਲਈ ? ਨਹੀਂ ! ਕੇਵਲ ਝੂਠੇ ਕਾਮ ਵਿਸ਼ਿਆਂ ਵਿੱਚ ਗਲਤਾਨ ਹੋਣਾ ਹੀ ਨਹੀਂ ਬਲਕਿ 'ਇੱਕ ਇਕੱਲਾ ਦੋ ਗਿਆਰਾਂ' ਸਤਿ ਦੇ ਸਾਗਰ ਨੂੰ ਲੱਭਣ ਲਈ ਜੋੜਾ ਮਿਲ ਕੇ ਗਿਆਰਾਂ ਦਾ ਕੰਮ

ਕਰਦਾ ਹੈ, ਆਪਸੀ ਸਲਾਹ ਤੇ ਸਾਂਝਾ ਉਦੱਮ ਕਰਦਾ ਹੈ। ਇਹ ਜਾਨਣ ਲਈ ਕਿ ਸੱਚ ਕੀ ਹੈ ? ਝੂਠ ਕੀ ਹੈ ? ਦੁਨੀਆਂ ਕੀ ਹੈ ? ਸੱਚਾ ਜੀਵਨ ਮਾਰਗ ਕੀ ਹੈ ? ਅਸਲ ਵਿੱਚ ਮਨੁੱਖੀ ਜੀਵਨ ਦਾ ਮਤਲੱਬ ਸੱਚ ਨੂੰ ਪਛਾਨਣ ਦਾ ਹੀ ਹੈ :-

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥** (ਅੰਗ-੪੬੮)

ਸੱਚ (ਸਤਿ) ਹੀ ਸਾਰੇ ਕਰਮਾਂ ਧਰਮਾਂ ਦਾ ਸ੍ਰੋਮਣੀ ਹੈ। ਅਸੀਂ (ਆਮ ਆਦਮੀ) ਸੱਚ ਸੱਚ ਬੋਲਣ ਨੂੰ ਹੀ ਕੇਵਲ ਸੱਚ ਸਮਝਦੇ ਹਨ। ਸੱਚ ਕੀ ਹੈ ? ਸਤਿਗੁਰੂ ਤੋਂ ਪਤਾ ਲੱਗਦਾ ਹੈ, ਜਿਸ ਨੇ ਸੱਚ ਨੂੰ ਕਮਾਇਆ ਹੋਵੇ। ਗੁਰੂ ਵੀ ਸਤਿ ਹੋਵੇ, ਸੱਚਾ ਹੋਵੇ, ਤਾਂ ਹੀ ਤਾ ਸਤਿ ਦਾ ਪਤਾ ਲੱਗੇਗਾ :-

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥** (ਅੰਗ-੨੮੬)

ਜਿਸ ਨੇ ਸੱਚੇ ਵਾਹਿਗੁਰੂ ਨੂੰ ਜਾਣਿਆ ਹੈ, ਉਹ ਸੱਚਾ ਗੁਰੂ ਹੈ ।

ਸਾਰੇ ਦੁਨਿਆਵੀ ਪਦਾਰਥ, ਸੱਚ ਤੋਂ ਉਰੇ ਉਰੇ ਹਨ। ਸਤਿ, ਸਤਿਨਾਮ ਹੈ। ਕੇਵਲ ਨਾਮ। ਨਾਮ ਦੇ ਲੱਛਣ ਕੀ ਹਨ। ਫੇਰ ਅਨੁਭਵ ਦੀ ਗੱਲ ਆ ਜਾਂਦੀ ਹੈ। ਨਾਮ ਅਨੁਭਵ ਨਾਲ ਪ੍ਰਾਪਤ ਹੁੰਦਾ ਹੈ ਜੇਕਰ ਇਸ ਰਸਤੇ ਵਲ ਕਦਮ ਰੱਖੀਏ। ਸੱਚ, ਸ਼ਬਦ, ਨਾਮ, ਸਤਿ, ਸਭ ਇਕੋ ਚੀਜ਼ ਦੇ ਨਾਮ ਹਨ। ਸੱਚ ਉਹ ਹੈ, ਜੋ ਸਰਬ ਵਿਆਪਿਕ ਹੈ, ਘੱਟ ਘੱਟ ਦਾ ਅੰਤਰਜਾਮੀ ਹੈ। ਹੋਰ ਸਭ ਕਰਮਕਾਂਡੀ ਕੰਮਾਂ ਤੋਂ ਸਚੁ ਦਾ ਆਚਾਰ ਉੱਤਮ ਹੈ। ਸਚੁ ਦਾ ਆਚਾਰ ਹੈ, ਨਾਮ ਜਪਣਾ, ਸਿਮਰਨ ਕਰਨਾ :-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥** (ਅੰਗ-੨੮੬)

ਜੇਕਰ ਸਰਬ ਸ਼ਕਤੀਮਾਨ ਹੈ, ਤਾਂ ਹੀ ਤੇ ਸੱਚ ਹੈ।

ਜੇ ਸਰਬ ਵਿਆਪੀ ਹੈ, ਤਾਂ ਹੀ ਤੇ ਸੱਚ ਹੈ।

ਜੇ ਘੱਟ ਘੱਟ ਕੇ ਅੰਤਰ ਕੀ ਜਾਨਤ ਹੈ, ਤਾਂ ਹੀ ਤੇ ਸੱਚ ਹੈ।

ਸਤਿ ਤਾਂ ਆਦਿ ਅੰਤ ਹੈ, ਆਦਿ ਜੁਗਦਿ ਹੈ। ਅੱਗੇ ਨੂੰ ਵੀ ਹੋਵੇਗਾ:-

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥** (ਅੰਗ-੧)

ਫੇਰ ਜੇ ਸਤਿ ਹੀ ਸਤਿ ਹੈ ਤਾਂ ਸਾਰਾ ਬ੍ਰਹਮੰਡ ਸਤਿ ਦਾ ਸਾਗਰ ਹੋਇਆ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਹਿਗੁਰੂ ਨਾਮ ਦੀ ਬਖਸ਼ਿਸ਼ ਪ੍ਰਾਪਤ ਕਰਕੇ ਮਾਰ ਲਵੋ ਟੁੱਬੀਆਂ ਸਤਿ ਵਿੱਚ, ਸਚੁ ਦੇ ਸਾਗਰ ਵਿੱਚ, ਕਰੋ ਕੋਸ਼ਿਸ਼ ਸੱਚ ਨੂੰ ਲੱਭਣ ਦੀ, ਸੱਚ ਨੂੰ

ਮਿਲਣ ਦੀ, ਸੱਚ ਨੂੰ ਪਛਾਨਣ ਦੀ। ਸੱਚ ਦੀ ਪਛਾਣ ਹੋਵੇਗੀ, ਤਾਂ ਟੁੱਬੀਆਂ ਮਾਰਨ ਦਾ ਅਨੰਦ ਆਵੇਗਾ।

ਇਹ ਦੁਨੀਆਂ ਸਤਿ ਨਹੀਂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਜੀਵਨ ਸਬੰਧੀ ਚਾਰ ਗੱਲਾਂ ਦਾ ਜਿਕਰ ਕੀਤਾ ਹੈ :-

ਪਹਿਲੀ ਇਹ ਕਿ ਜੀਵਨ ਤਾਂ ਪਾਣੀ ਦੇ ਬੁਲਬੁਲੇ ਵਾਂਗ ਹੈ, ਪਾਣੀ ਵਿਚੋਂ ਪੈਦਾ ਹੋ ਕੇ ਵਿੱਚੇ ਹੀ ਬੈਠ ਜਾਂਦਾ ਹੈ, ਸਮੇਟਿਆ ਜਾਂਦਾ ਹੈ :-

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥** (ਅੰਗ-੧੪੨੭)

ਦੂਜੀ ਗੱਲ ਇਹ ਕਹੀ ਕਿ ਜਿਸ ਤਰਾਂ ਸੁਪਨੇ ਵਿੱਚ ਅਸੀਂ ਸਭ ਕੁਝ ਸੱਚ ਸਮਝਦੇ ਹਾਂ ਅਤੇ ਨਾਟਕ ਨੂੰ ਵੀ ਸੱਚ ਸਮਝਦੇ ਹਾਂ ਪਰ ਅੱਖ ਖੁਲ੍ਹਣ ਤੇ ਕੁਝ ਵੀ ਨਹੀਂ। ਇਸ ਤਰਾਂ ਇਹ ਜੀਵਨ ਹੈ :-

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥** (ਅੰਗ-੧੪੨੭)

ਤੀਜੀ ਗੱਲ ਆਖੀ ਕਿ ਜਿਵੇਂ ਰੇਤੇ ਦੀ ਕੰਧ ਨਹੀਂ ਬਣ ਸਕਦੀ। ਨਹੀਂ ਉਸਰ ਸਕਦੀ ਇਸ ਦੀ ਨੀਂਹ ਨਹੀਂ ਹੁੰਦੀ ਝੱਟ ਡਿੱਗ ਪੈਂਦੀ ਹੈ ਇਵੇਂ ਹੀ ਜੀਵਨ ਹੈ। ਇਸ ਦਾ ਕੋਈ ਆਧਾਰ ਨਹੀਂ :-

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥** (ਅੰਗ-੧੪੨੯)

ਚੌਥੀ ਸੱਚਾਈ ਇਹ ਦਰਸਾਈ ਕਿ ਧੂੰਏ ਦੇ ਪਹਾੜ ਵਾਗੂੰ ਦੁਨੀਆਂ ਫੋਕੀ ਹੈ। ਠੋਸ ਨਹੀਂ। ਸੱਚ ਨਹੀਂ :-

**ਇਹੁ ਜਗੁ ਧੂਏ ਕਾ ਪਹਾਰ ॥**
**ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥** (ਅੰਗ-੧੧੮੬)

ਦੁਨੀਆਂ ਦੀਆਂ ਮਾਨ ਵਡਿਆਈਆਂ ਝੂਠੀਆਂ ਹਨ। ਸੱਚ ਨੂੰ ਪਾਏ ਬਿਨਾਂ ਕਿਸੇ ਕੰਮ ਨਹੀਂ। ਬਹੁਤ ਲੰਮੀਆਂ ਉਮਰਾਂ ਕਿਸੇ ਕੰਮ ਨਹੀਂ। ਮਾਨ ਬਹੁਤ ਪਿਆਰਾ ਹੁੰਦਾ ਹੈ। ਇੱਜ਼ਤਾਂ ਪਿੱਛੇਂ ਲੋਕੀਂ ਕੀ ਕੁਝ ਨਹੀਂ ਕਰਦੇ ਪਰ ਜੇ ਸਚੁ ਦਾ ਪਿਆਰ ਨਹੀਂ, ਤਾਂ ਸਭ ਖਾਕ ਹਨ :-

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥**
**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥** (ਅੰਗ-੨)

ਤਿਸੁ ਨਦਰਿ ਨਾ ਆਵਈ, ਤਿਸੁ ਦਾ ਭਾਵ ਹੈ, ਸੱਚ, ਸੱਚਾਈ, ਅਸਲੀਅਤ, ਬ੍ਰਹਮੰਡ ਦਾ ਮੂਲ, ਸੱਚ ਦਾ ਜੇਕਰ ਪਤਾ ਨਹੀਂ ਲੱਗਦਾ ਤਾਂ ਸਭ ਕੂੜ੍ਹ ਹੈ :-

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥** (ਅੰਗ-੪੬੮)

ਸੱਚ ਨੂੰ ਕਿਵੇਂ ਜਾਣਿਆ ਜਾਵੇ ?

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**
**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥** (ਅੰਗ-੪੬੮)

ਰਿਦੇ ਵਿੱਚ ਸੱਚ ਲਈ ਤੜਪ ਪੈਦਾ ਹੋ ਜਾਵੇ। ਕੂੜੁ ਦੀ ਪਛਾਣ ਲੱਗ ਜਾਵੇ ਕਿ ਉਸ ਤੋਂ ਬਿਨਾਂ ਸਭ ਕੂੜੁ ਹੀ ਕੂੜੁ ਹੈ ਝੂਠ ਦੀ ਮੈਲ ਜੋ ਨੈਣਾਂ ਤੇ ਪਈ ਹੋਈ ਹੈ, ਉਹ ਉਤਰ ਜਾਵੇ। ਸੱਚੇ ਨਾਉਂ ਨੂੰ ਮਨ ਵਿੱਚ ਵਸਾ ਲਈਏ। ਤਾਂ ਸੱਚ ਜਾਣਿਆ ਜਾਂਦਾ ਹੈ :-

**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥**
**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥** (ਅੰਗ-੪੬੮)

ਸੱਚ ਦੀ ਭਾਲ ਲਈ ਲਗਨ ਲੱਗ ਜਾਵੇ, ਉਸ ਸਤਿ ਦੀ ਲਗਨ ਨਾਲ ਮਨ ਬਉਰਾ ਹੋ ਜਾਵੇ। ਸੱਚ ਦਾ ਇਸ਼ਕ ਲੱਗ ਜਾਵੇ, ਜਿਸ ਦਾ ਨਾਂ ਇਸ਼ਕ ਹਕੀਕੀ ਹੈ। ਸਤਿਨਾਮ ਨਾਲ ਮਨ ਨੂੰ ਜੋੜ ਲਈਏ ਤਾਂ ਸੱਚ ਮਿਲਦਾ ਹੈ। ਮੁਕਤੀ ਹੁੰਦੀ ਹੈ :-

**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥** (ਅੰਗ-੪੬੮)

ਮਨ, ਬੁੱਧ, ਚਿੱਤ, ਸੱਚ ਦੀ ਪਛਾਣ ਨਹੀਂ ਕਰ ਸਕਦੇ। ਆਤਮਾ ਦੇ ਨੇੜੇ ਹੋਣ ਦੀ ਲੋੜ ਹੈ। ਜਿਵੇਂ ਆਮ ਲੋਕੀ ਅਪਣੇ ਅਪਣੇ ਵਿਸ਼ਵਾਸ ਅਨੁਸਾਰ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ, ਅਪਣੇ ਪਾਪਾਂ ਦੀ ਪੰਡ ਉਤਾਰਨ। ਸੱਚ ਨੂੰ ਮਿਲਣ ਲਈ ਤਾਂ ਆਤਮਾ ਦੇ ਤੀਰਥ ਵਿੱਚ ਗੋਤੇ ਮਾਰਨ ਦੀ ਲੋੜ ਹੈ। ਆਤਮਾ ਨੂੰ ਹੀ ਤੀਰਥ ਸਮਝੀਏ ਅਤੇ ਉਸ ਵਿੱਚ ਨਿਵਾਸ ਕਿਵੇਂ ਹੋਵੇ, ਸਤਿਗੁਰੂ ਦੀ ਸਿੱਖਿਆ ਨਾਲ ਹੋਵੇਗਾ।

ਕੀ ਸਾਡੇ ਕਰਮ ਸੱਚ ਹਨ ਜਾਂ ਸਾਡਾ ਧਰਮ ਸੱਚਾ ਹੈ ? ਸਦਾਚਾਰ, ਸ਼ੁੱਭ ਕਰਮ ਸੱਚ ਦੀ ਪਛਾਣ ਲਈ ਬਹੁਤ ਜਰੂਰੀ ਹੈ। ਕਰਮ-ਧਰਮ ਸਦਾਚਾਰ ਨੂੰ ਪਰਪੱਕ ਕਰਨ ਲਈ

ਹਨ। ਸੱਚ, ਸੁੱਚਾ ਆਚਰਨ, ਸੱਚ ਦੀ ਮੰਜ਼ਿਲ ਵੱਲ ਪਹੁੰਚਣ ਲਈ ਸਹਾਈ ਹੁੰਦਾ ਹੈ। ਸਦਾਚਾਰ ਨਹੀਂ ਤਾਂ ਸੱਚ ਨਹੀਂ ਮਿਲ ਸਕਦਾ। ਵਾਹਿਗੁਰੂ (ਸਤਿ) ਦੇ ਬਹੁਤ ਸਾਰੇ ਕਰਮ ਨਾਂਵ ਹਨ ਤੇ ਅਸੀਂ ਉਸਦੇ ਕਰਮ ਨਾਵਾਂ ਨਾਲ ਉਸ ਨੂੰ ਯਾਦ ਕਰਦੇ ਹਾਂ। ਪਰ ਅਸਲੀ ਨਾਮ ਜੋ ਹੈ ਉਹ ਸਤਿ ਹੀ ਹੈ, ਕਹਿ ਲਵੋ ਸਤਿਨਾਮ ਹੀ ਹੈ। ਸੱਚਾ ਨਾਮ ਪੂਰਬ ਕਾਲ ਤੋਂ ਆਦਿ ਜੁਗਾਦਿ ਤੋਂ ਚਲਿਆ ਆ ਰਿਹਾ ਹੈ :-

**ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ ॥** (ਅੰਗ-੧੦੮੩)

ਸੋ ਸਤਿ (ਸੱਚ) ਨਾਮ ਕੇਵਲ, ਉਸ ਵਾਹਿਗੁਰੂ ਦਾ ਨਾਮ ਹੈ :-

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥** (ਅੰਗ-੧)

ਇਸ ਸਤਿਨਾਮ ਦਾ ਜਾਪੁ ਕਰਕੇ, ਸਤਿ ਵਿੱਚ ਮਿਲਨਾ ਹੀ ਸੱਚਾਈ ਹੈ।

ਜਿਸ ਨੇ ਅਪਣੇ ਹਿਰਦੇ ਵਿੱਚ ਸਤਿ ਦੇ ਸਰੂਪ ਨੂੰ ਵਸਾਇਆ ਹੈ, ਉਸ ਨੇ ਵਾਹਿਗੁਰੂ ਦੇ ਸਰੂਪ ਦੇ ਮੂਲ ਨੂੰ ਪਛਾਣ ਲਿਆ ਹੈ :-

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**
**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥**
(ਅੰਗ-੨੮੫)

ਜਿਸ ਦੇ ਮਨ ਅੰਦਰ ਵਿਸ਼ਵਾਸ ਆ ਗਿਆ ਉਸ ਦੇ ਅੰਦਰ ਸਤਿ ਦਾ ਗਿਆਨ ਪ੍ਰਗਟ ਹੋ ਜਾਂਦਾ ਹੈ। -o-o-o-


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

# ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸਨੀਵਾਰ 08 ਜੁਲਾਈ 2023 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਅਰਜੁਨ (Terminalia Arjuna)

-ਸ.ਸੁਰਿੰਦਰ ਸਿੰਘ, ਵੈਦਰਾਜ, ਮੋ : 9501017194

ਅਰਜੁਨ ਦਰਖ਼ਤ ਭਾਰਤ ਦੇ ਸਾਰੇ ਪ੍ਰਾਤਾਂ ਵਿੱਚ ਖਾਸ ਕਰਕੇ ਮੱਧ ਪ੍ਰਦੇਸ਼, ਦੱਖਣ ਬਿਹਾਰ, ਉੱਤਰ ਪ੍ਰਦੇਸ਼, ਪੰਜਾਬ ਵਿੱਚ ਪਾਇਆ ਜਾਂਦਾ ਹੈ। ਉੱਤਰ ਪ੍ਰਦੇਸ ਦੇ ਮਿਰਜ਼ਾਪੁਰ ਦੇ ਜੰਗਲਾਂ ਅਤੇ ਬਿਹਾਰ ਦੀ ਛੋਟੀ ਨਾਗਪੁਰ ਵਿੱਚ ਪਾਇਆ ਜਾਂਦਾ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਹਿਮਾਲਿਆ ਦੀ ਤਰਾਈ ਇਲਾਕੇ ਖੁਸ਼ਕ ਪਹਾੜੀ ਖੇਤਰਾਂ, ਨਦੀ ਨਾਲੇ ਦੇ ਕਿਨਾਰੇ ਇਸ ਦੀਆਂ ਕਤਾਰਾਂ ਦੇਖਣ ਨੂੰ ਮਿਲਦੀਆਂ ਹਨ।

**ਬਨਸਪਤੀ ਜਾਣ ਪਛਾਣ** : ਇਸ ਦੇ ਦਰਖ਼ਤ ੧੫-੨੦ ਮੀਟਰ ਉਚੇ ਹੁੰਦੇ ਹਨ। ਇਸ ਦਾ ਤਨਾ ੫-੭ ਮੀਟਰ ਗੋਲਾਈ ਵਿੱਚ ਹੁੰਦਾ ਹੈ। ਦਰਖ਼ਤ ਦੇ ਛਾਲ ਨੂੰ ਰਗੜਨ ਨਾਲ ਇੱਕ ਕਿਸਮ ਦਾ ਦੁੱਧ ਨਿਕਲਦਾ ਹੈ। ਇਸ ਦੇ ਪੱਤੇ ਅਮਰੂਦ ਦੀ ਤਰ੍ਹਾਂ ਹੁੰਦੇ ਹਨ। ਇਹ ਪੱਤੇ ੪-੬ ਇੰਚ ਲੰਬੇ ਤੇ ੨ ਇੰਚ ਚੌੜੇ ਹੁੰਦੇ ਹਨ। ਇਹ ਪੱਤਝੱੜ ਦੀ ਰੁੱਤ ਵਿੱਚ ਝੜ ਜਾਂਦੇ ਹਨ ਅਤੇ ਬਸੰਤ ਰੁਤ ਵਿੱਚ ਫੇਰ ਆ ਜਾਂਦੇ ਹਨ। ਇਸ ਦੇ ਫੁੱਲ ਵੈਸਾਖ, ਜੇਠ ਅਤੇ ਕਦੀ ਕਦੀ ਸਾਵਣ ਮਹੀਨੇ ਵਿੱਚ ਵੀ ਖਿੜਦੇ ਹਨ। ਇਨ੍ਹਾਂ ਵਿਚੋਂ ਕੁਝ ਖੁਸ਼ਬੋ ਆਉਂਦੀ ਹੈ। ਕੇਸਰ ਦੀ ਤਰ੍ਹਾਂ ਥੋੜੇ ਥੋੜੇ ਉਭਰੇ ਹੁੰਦੇ ਹਨ।

**ਵੱਖਰੇ ਭਾਸ਼ਾਈ ਪ੍ਰਾਂਤਿਕ ਨਾਮ** : ਇਸ ਨੂੰ ਹਿੰਦੀ ਵਿੱਚ : ਅਰਜਨ, ਕਾਹੂ, ਕਹੂਆ; ਸੰਸਕ੍ਰਿਤ-ਧਵਲ; ਮਰਾਠੀ-ਸਦਰੂ; ਗੁਜਰਾਤੀ-ਗਦੜੋ; ਤਾਮਿਲ-ਵੇਲਮ; ਤੇਲਗੂ-ਤੇਲਮਦਿ; ਕੰਨਣ-ਅਹਿ; ਉੜੀਆ-ਸਹਜੋ; ਅੰਗ੍ਰੇਜੀ-ਅਰਜੁਨ (Arjuna), ਲੇਟਿਨ-Terminalia Arjuna

ਅਰਜੁਨ ਦੇ ਦਰਖ਼ਤ ਦੀ ਛਾਲ ਦਿਲ ਦੇ ਰੋਗਾਂ ਦੇ ਲਈ ਬਹੁਤ ਲਾਭਦਾਇਕ ਹੈ। ਨਵੀਂ ਖੋਂਜ ਵੀ ਇਸ ਦੇ ਲਾਭਾਂ ਦੀ ਤਸਦੀਕ ਕਰਦੀ ਹੈ।

**ਮਾਤਰਾ** : ਸਵ-ਰਸ ੧੦-੨੦ ਐਮ.ਐਲ., ਕਵਾਥ (ਕਾੜਾ) ੫੦-੧੦੦ ਐਮ.ਐਲ., ਚੂਰਨ ੩-੬ ਗ੍ਰਾਮ

ਇਸ ਦਾ ਸਵਾਦ ਕਸੈਲਾ ਖੁੱਸ਼ਕ ਹੋਣ ਕਰਕੇ ਬਲਗਮ ਦਾ ਨਾਸ ਕਰਦਾ ਹੈ ਅਤੇ ਠੰਢਾ ਹੋਣ ਨਾਲ ਪਿੱਤ ਦਾ ਨਾਸ਼ ਕਰਦਾ ਹੈ।

ਚਿਕਿਤਸਾ ਵਿੱਚ ਅਰਜੁਨ ਦੀ ਛਾਲ ਤੇ ਪੱਤਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਦਿਲ ਦੀ ਕਮਜ਼ੋਰੀ, ਧੜਕਨ, ਦਿਲ ਦੀ ਸੋਜਨ ਅਤੇ ਦਰਦ ਵਗੈਰਾ ਬਹੁਤ ਸਾਰੀਆਂ ਸ਼ਿਕਾਇਤਾਂ ਇਸ ਦੇ ਪ੍ਰਯੋਗ ਨਾਲ ਦੂਰ ਹੋ ਜਾਂਦੀਆਂ ਹਨ। ਆਓ ਅਰਜੁਨ ਦੇ ਗੁਣਾਂ ਬਾਰੇ ਚਿਕਿਤਸਾ ਵਿੱਚ ਹੇਠ ਲਿਖੇ ਨੁਸਖੇ ਦਾ ਵੇਰਵਾ ਦਿੱਤਾ ਜਾ ਰਿਹਾ ਹੈ।

**ਦਿਲ ਦੇ ਰੋਗ :**

ਅਰਜੁਨ ਦਾ ਪ੍ਰਯੋਗ ਦਿਲ ਦੇ ਰੋਗਾਂ ਵਿੱਚ ਹੇਠ ਲਿਖੇ ਤਰੀਕਿਆਂ ਨਾਲ ਕੀਤਾ ਜਾਂਦਾ :

੧. ਅਰਜੁਨ ਦੀ ਛਿਲ ੧੦ ਗ੍ਰਾਮ ਲੈ ਕੇ ਇੱਕ ਪਾਵ ਦੁੱਧ ਅਤੇ ਇੱਕ ਪਾਵ ਪਾਣੀ ਵਿੱਚ ਹਲਕੀ ਅੱਗ ਤੇ ਪਕਾਓ। ਅੱਧਾ ਦੁੱਧ ਅਤੇ ਅੱਧਾ ਪਾਣੀ ਰਹਿ ਜਾਏ, ਫਿਰ ਇਸ ਨੂੰ ਛਾਣ ਕੇ ਮਿਸ਼ਰੀ ਜਾਂ ਖੰਡ ਵਿੱਚ ੨੦ ਗ੍ਰਾਮ ਮਿਲਾ ਕੇ ਪੀਓ।

੨. ਇਸ ਦਾ ਇਸਤੇਮਾਲ ਕਰਨ ਦਾ ਤਰੀਕਾ ਇਹ ਵੀ ਹੈ ਕਿ ਅਰਜੁਨ ਦੀ ਛਿਲ ਨੂੰ ਕੁੱਟ ਕੇ ਛਾਨ ਲਓ ਤੇ ਪਾਊਡਰ ਬਣਾਓ। ਰੋਜਾਨਾ ਸਵੇਰੇ ਖਾਲੀ ਪੇਟ ੩ ਗ੍ਰਾਮ ਪਾਉਡਰ ਇਕ ਪਾਵ ਗਰਮ ਦੁੱਧ ਵਿੱਚ ਮਿਸਰੀ ਜਾਂ ਖੰਡ ੨੦ ਗ੍ਰਾਮ ਮਿੱਠਾ ਕਰਕੇ ਇਸਤੇਮਾਲ ਕਰੋ।

**੩. ਸਰੀਰਿਕ ਚੋਟ** : ਅਰਜਨ ਚੋਟ ਦੇ ਲਈ ਬਹੁਤ ਲਾਭਦਾਇਕ ਹੈ। ਇਸ ਰੋਗ ਵਿੱਚ ਇਸ ਨੂੰ ਅੰਦਰੂਨੀ ਤੇ ਬਾਹਰੀ ਦੋਵਾਂ ਤਰੀਕਿਆਂ ਨਾਲ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਇਸਤਿਮਾਲ ਨਾਲ ਟੁੱਟੀ ਹੋਈ ਹੱਡੀ ਵੀ ਜੁੜ ਜਾਂਦੀ ਹੈ। ਅਰਜੁਨ ਦੀ ਛਿਲ ਨੂੰ ਕੁੱਟ ਛਾਣ ਕੇ ਪਾਊਡਰ ਬਣਾ ਲਓ। ੬ ਮਾਸੇ ਦੀ ਮਾਤਰਾ ਸਵੇਰੇ ਸ਼ਾਮ ਘਿਓ ਅਤੇ ਖੰਡ ੬-੬ ਮਾਸ਼ੇ ਨਾਲ ਮਿਲ ਕੇ ਖੁਆਓ। ਇਸ ਦਾ ਪਾਉਡਰ ਦੁੱਧ ਨਾਲ ਵੀ ਦੇ ਸਕਦੇ ਹੋ। ਬਾਹਰੀ ਪ੍ਰਯੋਗ ਲਈ ਅਰਜੁਨ ਦੀ ਛਿਲ ਦਾ ਪਾਉਡਰ ਘਿਓ ਵਿੱਚ ਮਿਲਾ ਕੇ ਲੁਗਦੀ (ਗੁੱਦਾ) ਬਣਾ ਕੇ ਟੁੱਟੀ ਹੋਈ ਹੱਡੀ ਜਾਂ ਚੋਟ ਦੀ ਜਗ੍ਹਾਂ ਬੰਨ ਦਿਓ। ਕੁਛ ਦਿਨ ਲਗਾਤਾਰ ਪ੍ਰਯੋਗ ਕਰਨ ਨਾਲ ਹੱਡੀ ਜੁੜ ਜਾਵੇਗੀ। ਚੋਟ ਦਾ ਦਰਦ ਜਲਦ ਦੂਰ ਹੋ ਜਾਵੇਗਾ। ਅਰਜੁਨ ਦੀ ਛਿਲ ਪਾਣੀ ਵਿੱਚ ਪੀਸ ਕੇ ਚੋਟ ਵਾਲੀ ਜਗ੍ਹਾ ਤੇ ਲੇਪ ਕਰਨ ਨਾਲ ਚੋਟ ਦੀ ਸੋਜ ਅਤੇ ਨੀਲਾਪਨ ਦੂਰ ਹੋ ਜਾਵੇਗਾ।

**੪. ਜ਼ਖ਼ਮਾਂ ਲਈ** : ਅਰਜੁਨ ਦੀ ਛਿਲ ਦੇ ਜੋਸ਼ਾਦੇ ਨਾਲ ਜ਼ਖਮਾਂ ਨੂੰ ਧੌ ਲਓ। ਧੋਣ ਤੋਂ ਬਾਦ ਇਸ ਦਾ ਪਾਊਡਰ ਛਿੜਕ ਕੇ ਪੱਟੀ ਬੰਨ ਦਿਓ। ਜਖਮ ਜਲਦੀ ਭਰ ਜਾਂਦੇ ਹਨ।

੫. **ਦਸਤ ਜਾਂ ਮਰੋੜ** ਆਉਂਦੇ ਹੋਣ ਤਾਂ ਅਰਜੁਨ ਦੀ ਛਿਲ ਦਾ ਪਾਊਡਰ ੬-੬ ਮਾਸ਼ੇ ਸਵੇਰੇ ਸ਼ਾਮ ਗਾਂ ਜਾਂ ਬਕਰੀ ਦੇ ਦੁੱਧ ਨਾਲ ਖਾਣ ਨਾਲ ਬੰਦ ਹੋ ਜਾਂਦੇ ਹਨ। ਖੂਨ ਆਉਂਦਾ ਹੋਵੇ ਤਾਂ ਉਹ ਵੀ ਬੰਦ ਹੋ ਜਾਂਦਾ ਹੈ।

੬. **ਮੂੰਹ ਆਉਣਾ (ਛਾਲੇ ਹੋਣੇ)** ਅਰਜੁਨ ਦੀ ਛਾਲ ਦੇ ਜੋਸ਼ਾਦੇ ਨਾਲ ਕੁਰਲੀਆਂ ਕਰਨ ਨਾਲ ਆਰਾਮ ਆ ਜਾਂਦਾ ਹੈ।

੭. **ਮਸੂੜੇ ਫੁਲਣਾ** : ਅਰਜੁਨ ਦੀ ਛਿਲ ਦੇ ਜੋਸ਼ਾਦੇ ਨਾਲ ਕੁਰਲੀਆਂ ਕਰਨ ਨਾਲ ਮਸੂੜਿਆਂ ਦਾ ਫੁਲਣਾ ਠੀਕ ਹੋ ਜਾਂਦਾ ਹੈ।

੮. **ਨਿਪੁੰਸਕਤਾ ਅਤੇ ਵੀਰਜ ਦਾ ਨਿਕਲਣਾ** : ਅਰਜੁਨ ਦੀ ਛਿਲ ਦਾ ਪਾਊਡਰ ੬-੬ ਮਾਸ਼ੇ ਦੁੱਧ ਨਾਲ ਸਵੇਰੇ ਸ਼ਾਮ ਖਾਣ ਨਾਲ ਮਰਦਾਨਾ ਸ਼ਕਤੀ ਵਿੱਚ ਵਾਧਾ ਹੁੰਦਾ ਹੈ।

੯. **T.B. (ਤਪਦਿਕ)** : ਅਰਜੁਨ ਦੀ ਛਿਲ+ਗੰਗਰੇਨ ਬਰਾਬਰ ਵਜਨ ਲੈ ਕੇ ਚੂਰਨ

ਬਣਾਓ ਉਸ ਵਿੱਚ ਅੱਧਾ ਹਿੱਸਾ ਅਰਿੰਡ ਦੇ ਬੀਜਾਂ ਦਾ ਚੂਰਨ ਮਿਲਾ ਕੇ ਸਵੇਰੇ ਸ਼ਾਮ ਗਾਂ ਜਾਂ ਬਕਰੀ ਦੇ ਦੁੱਧ ਵਿੱਚ ੪ ਗ੍ਰਾਮ ਪਾਕੇ ਪਕਾਓ। ਠੰਢਾ ਹੋ ਜਾਣ ਤੇ ਘਿਓ ਵਿੱਚ ਮਿਲਾ ਕੇ ਪੀਉ।

੧੦ **ਪੇਟ ਦੇ ਰੋਗ** : ਪੇਟ ਦੇ ਰੋਗਾਂ ਵਿੱਚ ਅਰਜੁਨ ਅਤੇ ਗੰਗਰੇਨ ਦੀ ਛਿਲ ਦੇ ਚੂਰਨ ਨੂੰ ੩-੪ ਗ੍ਰਾਮ ਦੁੱਧ ਦੇ ਨਾਲ ਪ੍ਰਯੋਗ ਕਰੋ। ਪੇਟ ਦੇ ਰੋਗ ਦੂਰ ਹੁੰਦੇ ਹਨ।

**ਸ਼ਾਸ਼ਤਰੀ ਯੋਗ :**

(੧.) **ਅਰਜੁਨਾਰਿਸ਼ਟ** : ਜਿਨ੍ਹਾਂ ਲੋਕਾਂ ਨੂੰ ਦਿਲ ਦੀ ਧਿੜਕਣ, ਕਮਜ਼ੋਰੀ ਦੇ ਕਾਰਣ ਦਿਲ ਡੁਬਦਾ ਹੋਵੇ, ਦਿਲ ਦੇ ਰੋਗਾਂ ਕਰਕੇ ਕੋਈ ਸ਼ਿਕਾਇਤ ਹੋਵੇ ਉਨ੍ਹਾਂ ਲਈ ਅਰਜੁਨਾਰਿਸ਼ਟ ਇੱਕ ਅਜ਼ਮਾਈ ਹੋਈ ਦਵਾ ਹੈ। ਜਿਹੜੀ ਦਿਲ ਨੂੰ ਤਾਕਤ ਦਿੰਦੀ ਹੈ।

ਇਹ ਦਵਾਈ ਡਾਬਰ, ਵੈਦਨਾਥ, ਜੰਡੂ ਕੰਪਨੀਆਂ ਦੀਆਂ ਬਾਜ਼ਾਰ ਵਿਚੋਂ ਮਿਲਦੀਆਂ ਹਨ। ਕੰਪਨੀ ਦੇ ਪਰਚੇ ਅਨੁਸਾਰ ਦਵਾਈ ਦਾ ਪ੍ਰਯੋਗ ਕਰੋ।

(੨.) **ਅਰਜੁਨ ਪਾਕ** : ਇਹ ਦਵਾਈ ਦਿਲ ਦੇ ਰੋਗ, ਤਪਦਿਕ ਸੋਜਨ, ਵਾਤ, ਹਿੱਚਕੀ, ਖੂੰਨੀ ਤਪਦਿਕ, ਸਿਰ ਦੇ ਰੋਗਾਂ ਲਈ ਲਾਭਦਾਇਕ ਹੈ। ਇਹ ਦਵਾਈ ਵੀ ਡਾਬਰ, ਵੈਦਨਾਥ, ਜੰਡੂ ਕਪਨੀਆਂ ਦੀਆਂ ਬਾਜਾਰ ਵਿੱਚ ਉਪਲਬਧ ਹਨ। ਕੰਪਨੀ ਦੇ ਪਰਚੇ ਅਨੁਸਾਰ ਪ੍ਰਯੋਗ ਕਰੋ।

(੨.) **ਅਰਜੁਨ ਆਦਿ ਚੂਰਨ** : ਅਰਜੁਨ ਦੀ ਛਿਲ ਦਾ ਚੂਰਣ ੩੦ ਗ੍ਰਾਮ + ਜਹਿਰਮੋਹਰਾ ੩ ਗ੍ਰਾਮ + ਮਿਸ਼ਰੀ ੩੦ ਗ੍ਰਾਮ ਮਿਲਾ ਕੇ ਇਕਠਿਆਂ ਖਰੱਲ ਕਰਕੇ ਰੱਖ ਲਓ। ਅੱਧਾ ਗ੍ਰਾਮ ਤੋਂ ਇੱਕ ਗ੍ਰਾਮ ਸਵੇਰੇ ਸ਼ਾਮ ਗਾਂ ਦੇ ਦੁੱਧ ਨਾਲ ਸੇਵਨ ਕਰੋ। ਦਿਲ ਦੇ ਰੋਗਾਂ ਲਈ ਲਾਭਦਾਇਕ ਹੈ।

-੦-੦-੦-

## ਦਿੱਲੀ ਸਰਕਲ ਆਫਿਸ

**ਸੰਸਥਾ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਦਾ ਦਿੱਲੀ ਆਫਿਸ**


**ਸ. ਭਗਵੰਤ ਸਿੰਘ,**

204-ਡੀ, ਗਲੀ ਨੰ. 36, ਸਫਦਰਜੰਗ ਐਨਕਲੇਵ,

ਅਰਜਨ ਨਗਰ, ਨਵੀਂ ਦਿੱਲੀ।

ਫੋਨ : 26180398, ਮੋ :99106-00199


**ਸੰਸਥਾ ਬਾਬਤ ਕੋਈ ਵੀ ਪੁੱਛ ਗਿੱਛ ਕਰਨੀ ਹੋਵੇ ਜਾਂ ਸੰਸਥਾ ਦੀਆਂ ਛੱਪੀਆਂ ਪੁਸਤਕਾਂ ਮੰਗਵਾਣੀਆਂ ਹੋਣ ਤਾਂ ਆਪ ਜੀ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ।**

# ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚ ਮਾਇਆ ਦਾ ਵਿਚਾਰ

ਸ.ਗੁਲਜ਼ਾਰ ਸਿੰਘ, ਮੋ : ੯੩੧੬੩-੪੫੦੫੦

ਅਕਸਰ ਮਾਇਆ ਸਿਰਫ਼ ਰੁਪਏ ਪੈਸੇ, ਸੋਨਾ ਚਾਂਦੀ, ਆਦਿਕ ਨੂੰ ਹੀ ਸਮਝਿਆ ਜਾਂਦਾ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਬਾਣੀ ਵਿੱਚ, ਸੋਝੀ ਦਿੰਦੇ ਹੋਏ ਬਖਸ਼ਿਸ਼ ਕਰਦੇ ਹਨ ਕਿ ਮਾਇਆ ਉਹ ਠਗਉਲੀ ਹੈ ਜਿਸ ਦੇ ਅਸਰ ਹੇਠ ਪ੍ਰਾਣੀ, ਨਾਸ਼ਵਾਨ ਸੰਸਾਰ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਪ੍ਰਭੂ ਵੱਲੋਂ ਮਿਲੀਆਂ ਦਾਤਾਂ/ਰਿਸ਼ਤਿਆਂ(ਪਰਿਵਾਰ/ਜਾਇਦਾਦ) ਨਾਲ ਮੋਹ ਵਿੱਚ ਗਲਤਾਨ ਹੋ ਕੇ, ਦੂਜਾ ਭਾਉ ਭਾਵ ਪਦਾਰਥਾਂ/ਪਰਿਵਾਰ ਨਾਲ ਪਿਆਰ ਵਿੱਚ ਪਲਚ ਕੇ ਪਰਮਾਤਮਾ ਨੂੰ ਭੁਲਾ ਬੈਠਦਾ ਹੈ।

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**(ਅੰਗ-੯੨੧)

ਗੁਰੂ ਸਾਹਿਬ ਸੋਝੀ ਦਿੰਦੇ ਹਨ ਹੇ ਭਾਈ ! ਇਹ ਮੋਹ ਲੈਣ ਵਾਲੀ ਮਾਇਆ ਵੀ ਉਸ ਪਿਤਾ ਪਰਮਾਤਮਾ ਨੇ ਹੀ ਰਚੀ ਹੈ। ਜਿਸ ਨੇ ਇਹ ਠਗਬੂਟੀ ਦਾ ਪਰਚਾ ਜੀਵ ਲਈ ਪਾ ਰੱਖਿਆ ਹੈ। ਸੋ ਮਾਇਆ ਤੋਂ ਵਾਰਨੇ ਜਾਣ ਦੀ ਥਾਂ ਉਸ ਪਰਮਾਤਮਾ ਤੋਂ ਹੀ ਸਦਕੇ ਜਾਈਏ ਜਿਸ ਨੇ ਇਸ ਮੋਹ ਮਮਤਾ ਨੂੰ ਮਿੱਠਾ ਕਰਕੇ ਇਸ ਦਾ ਲੁਭਾਉਣਾ ਲਗਾਓ ਜੀਵਾਂ ਨੂੰ ਦਿੱਤਾ ਹੈ। ਚੰਚਲ ਮਨ ਦੀਆਂ ਚਤੁਰਾਈਆਂ ਨਾਲ ਪਰਮਾਤਮਾ ਦਾ ਪਿਆਰ ਹਾਸਲ ਨਹੀਂ ਕੀਤਾ ਜਾ ਸਕਦਾ।

**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**
**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**
**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥** (ਅੰਗ-੯੧੮)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਸਤਾਈਵੀਂ ਪਉੜੀ ਵਿੱਚ ਵੀ ਸੋਝੀ ਬਖ਼ਸ਼ੀ ਹੈ ਕਿ ਜਿਸ ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਦੀ ਜਿਨਸ (ਸਮਗਰੀ, ਪ੍ਰਕਿਰਤੀ) ਰਚ ਕੇ ਮਾਇਆ ਦਾ ਪਸਾਰਾ ਰਚਿਆ ਹੈ, ਉਹ, ਜਿਵੇਂ ਉਸ ਦੀ ਮੌਜ (ਰਜ਼ਾ) ਹੋਵੇ, ਰਚਨਾ ਰਚ ਕੇ ਉਸ ਨੂੰ ਵੇਖਦਾ/ਸੰਭਾਲ ਕਰਦਾ ਹੈ :

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**
**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥** (ਅੰਗ ੮)

ਭਾਈ ਕਾਨ੍ਹ ਸਿੰਘ ਨਾਭਾ ਜੀ ਦੁਆਰਾ ਰਚਿਤ ਮਹਾਨ ਕੋਸ਼ ਅਨੁਸਾਰ '**ਮਾਇਆ**' ਅੱਖਰ ਗੁਰਬਾਣੀ ਵਿੱਚ ਇੱਕ ਤੋਂ ਵੱਧ ਅਰਥਾਂ ਵਾਲਾ ਸ਼ਬਦ ਹੈ:

(੧) ਮਾਤਾ, ਮਾਂ '**ਤੂੰ ਹਰਿ ਪਿਤਾ ਮਾਇਆ**'

(੨) ਕਪਟ, ਛਲ, ਦੰਭ '**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ**'

(੩) ਭੁਲੇਖਾ, ਭਰਮ, ਅਵਿਦਯਾ '**ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ**'

(੪) ਧਨ ਸੰਪਦਾ '**ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ**'

(੪) ਜਗਤ ਰਚਨਾ ਦਾ ਕਾਰਣ ਰੂਪ ਈਸ਼੍ਵਰ ਦੀ ਸ਼ਕਤੀ '**ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ**'

ਅਨੰਦ ਸਾਹਿਬ ਦੀ ਉਣੱਤਵੀਂ (੨੯) ਪੌੜੀ ਵਿੱਚ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪ੍ਰਮਾਤਮਾ ਦੀ ਰਜ਼ਾ ਵਿੱਚ ਜੀਵ ਪੈਦਾ ਹੁੰਦਾ ਹੈ, ਜਿਸ ਨਾਲ ਉਸ ਪਰਿਵਾਰ ਵਿੱਚ ਨਵੇਂ ਜਨਮੇ ਜੀਵ ਲਈ ਪਿਆਰ/ਮੋਹ ਉਪਜਦਾ ਹੈ। ਸੰਸਾਰਕ ਮੋਹ ਮਾਇਆ ਦੇ ਪ੍ਰਭਾਵ ਕਾਰਣ ਜੀਵ ਦੀ ਪ੍ਰਭੂ ਨਾਲੋਂ ਪਿਆਰ ਦੀ ਡੋਰੀ ਟੁੱਟਦੀ ਹੈ ਅਤੇ ਮਾਇਆਵੀ ਤ੍ਰਿਸ਼ਨਾ ਦੀ ਭਟਕਣਾ ਉਤਪੰਨ ਹੋ ਜਾਂਦੀ ਹੈ। ਜਿਵੇਂ ਮਾਂ ਦੇ ਪੇਟ ਵਿੱਚ ਗਰਮੀ (ਅਗਨੀ ਤੱਤ) ਹੁੰਦੀ ਹੈ ਇਵੇਂ ਹੀ ਜਗਤ ਵਿੱਚ ਮਾਇਆਵੀ ਤ੍ਰਿਸ਼ਨਾ ਦਾ ਅਗਨੀ-ਜਾਲ ਹੈ, ਜਿਸ ਵਿੱਚ ਜੀਵ ਪੈਦਾ ਹੁੰਦੇ ਹੀ ਘਿਰ ਕੇ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਪਰਮਾਤਮਾ ਨੇ ਐਸਾ ਖੇਲ ਰਚਿਆ ਹੈ ਕਿ ਜੀਵ, ਮਾਇਆ ਦੇ ਅਨੇਕ ਰੰਗਾਂ ਵਿੱਚ ਜਿਵੇਂ ਕਿ ਵਿਕਾਰੀ ਬਿਰਤੀ, ਤ੍ਰਿਸ਼ਨਾ, ਲੋਭ ਲਾਲਚ, ਹਉਮੈ ਦੇ ਪ੍ਰਭਾਵ ਵਿੱਚ ਪਲਚ ਜਾਂਦਾ ਹੈ ਅਤੇ ਪੈਦਾ ਕਰਨ ਵਾਲੇ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** (ਅੰਗ-੯੨੧)

ਸ੍ਰੀ ਗੁਰੂ ਅਮਰਦਾਸ ਜੀ ਸੋਝੀ ਬਖਸ਼ਦੇ ਹਨ ਕਿ ਸੰਸਾਰ ਵਿੱਚ ਦੋ ਹੀ ਰਸਤੇ ਹਨ, ਇੱਕ ਮਾਇਆ ਨਾਲ ਪਿਆਰ ਤੇ ਦੂਜਾ ਪਿਤਾ ਪਰਮੇਸ਼ਰ ਨਾਲ ਪਿਆਰ। ਜੀਵ ਪ੍ਰਭੂ ਦੇ ਹੁਕਮ ਵਿੱਚ ਹੀ (ਪੂਰਬਲੇ ਕਰਮਾਂ ਦਾ ਭੁਗਤਾਨ ਕਰਦੇ ਹੋਏ) ਕਰਮ ਕਰਦਾ ਹੈ। ਚੰਗੇ ਭਾਗਾਂ ਵਾਲੇ ਗੁਰਮੁਖ (ਪ੍ਰਭੂ ਦੇ ਹੁਕਮ ਵਿੱਚ) ਸਤਿਗੁਰੂ ਦੇ ਸ਼ਬਦ ਦੀ ਕਸਉਟੀ ਲੱਗਾ ਕੇ ਭਾਵ ਗੁਰ-ਸ਼ਬਦ ਦੀ ਕਮਾਈ ਦੁਆਰਾ ਮਨ ਨੂੰ ਮਾਇਆ ਦੇ ਪਿਆਰ ਵੱਲੋਂ ਹੋੜ ਕੇ ਪ੍ਰਮਾਤਮਾ ਨਾਲ ਲਿਵ ਲਾ ਲੈਂਦੇ ਹਨ।

**(ਬਾਕੀ ਪੰਨਾ 30 ਉੱਤੇ)**

# ਸਿੱਖ ਰਾਜ ਦਾ ਉਸਰਈਆ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ

–ਡਾ.ਗੁਰਬਚਨ ਸਿੰਘ, ਮੋ : 98781-49511

ਪੰਜਾਬ, ਸੂਰਬੀਰਾਂ, ਯੋਧਿਆਂ ਅਤੇ ਦੇਸ ਕੌਮ ਲਈ ਕੁਰਬਾਨੀਆਂ ਦੇਣ ਵਾਲੇ ਮਹਾਂਪੁਰਸ਼ਾਂ ਦੀ ਧਰਤੀ ਹੈ। ਅਠਾਰਵੀਂ ਸਦੀ ਵਿੱਚ ਜ਼ੁਲਮ ਦੇ ਖਿਲਾਫ ਲੜਦੇ ਹੋਏ ਹਜ਼ਾਰਾਂ, ਲੱਖਾਂ ਸਿੰਘਾਂ ਨੇ ਕੁਰਬਾਨੀਆਂ ਕੀਤੀਆਂ। ਮੁਗਲ ਸਲਤਨਤ ਦਾ ਖਾਤਮਾ ਕਰਕੇ ਸਿੱਖ ਰਾਜ ਕਾਇਮ ਕੀਤਾ। ਇਨ੍ਹਾਂ ਹੀ ਸੂਰਬੀਰ, ਅਣਖੀਲੇ ਸਿੰਘਾਂ ਵਿਚੋਂ ਇੱਕ ਸਨ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ।

ਸ.ਜੱਸਾ ਸਿੰਘ ਦੇ ਦਾਦਾ ਸ.ਹਰਦਾਸ ਸਿੰਘ ਜੀ ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਦੇ ਵਸਨੀਕ ਸਨ। ਆਪ ਜੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟ ਵਰਤੀ ਸਿੰਘਾਂ ਵਿਚੋਂ ਸਨ ਅਤੇ ਖੰਡੇ ਦੀ ਪਾਹੁਲ ਵੀ ਦਸਮੇਸ਼ ਜੀ ਦੇ ਕਰ ਕਮਲਾਂ ਤੋਂ ਪ੍ਰਾਪਤ ਹੋਈ। ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਭਰਪੂਰ ਸਾਥ ਦਿੱਤਾ ਅਤੇ ਬਜਵਾੜੇ ਦੀ ਲੜਾਈ ਵਿੱਚ ਸ਼ਹਾਦਤ ਦਾ ਜਾਮ ਪੀਤਾ। ਆਪ ਦੇ ਬੇਟੇ ਗਿਆਨੀ ਭਗਵਾਨ ਸਿੰਘ ਜੀ ਵੀ ਪੂਰਨ ਗੁਰਸਿੱਖ ਸਨ ਅਤੇ ਤਰਖਾਣਾਂ ਕਾਰ ਵਿਹਾਰ ਕਰਦੇ ਸਨ। ਆਪ ਨੇ ਆਪਣਾ ਨਿਵਾਸ ਪਿੰਡ ਇਚੋਗਿਲ ਜ਼ਿਲ੍ਹਾ ਲਾਹੌਰ ਵਿੱਚ ਕਰ ਲਿਆ। ਗਿਆਨੀ ਜੀ ਸ਼ਸਤਰ ਬਣਾਉਣ ਦੇ ਕਾਰੀਗਰ ਸਨ ਅਤੇ ਜੰਗ ਯੁੱਧਾਂ ਵਿੱਚ ਵੀ ਕਰਤਵ ਦਿਖਾਉਂਦੇ ਰਹੇ। ਇਨ੍ਹਾਂ ਦੇ ਘਰ, ਪਿੰਡ ਇਚੋਗਿਲ ਵਿੱਚ ਹੀ ਜੱਸਾ ਸਿੰਘ ਦਾ ਜਨਮ ਸੰਨ ੧੭੨੩ ਈ. ਨੂੰ ਹੋਇਆ। ਜੱਸਾ ਸਿੰਘ ਦੇ ਚਾਰ ਭਰਾ ਸਨ, ਸ.ਜੈ ਸਿੰਘ, ਸ.ਖੁਸ਼ਹਾਲ ਸਿੰਘ, ਸ.ਮਾਲੀ ਸਿੰਘ ਅਤੇ ਸ.ਤਾਰਾ ਸਿੰਘ, ਜੱਸਾ ਸਿੰਘ ਸੱਭ ਤੋਂ ਵੱਡੇ ਸਨ। ਸ.ਰਤਨ ਸਿੰਘ ਭੰਗੂ ਨੇ ਲਿਖਿਆ ਹੈ ਕਿ

ਚਾਰੇ ਭਾਈ ਅਤਿ ਵੱਡ ਸੂਰੇ। ਜਿਨਸੇ ਲਰ ਕੋਊ ਉਤਰਿਆ ਨਾ ਪੂਰੇ।
ਉਨਕੀ ਪਿੱਠ ਦੇਖੀ ਕਿਨ ਨਾਂਹਿ। ਮਲੱਯੋ ਕਾਂਗੜਾ ਇਕ ਦਿਨ ਮਾਂਹਿ।
ਸਤਿ ਧਾਰਨ ਭਏ ਪਾਤਸਾਹ। ਲਾਕਰ ਕਸੂਰ ਥੋ ਮੁਲਕ ਉਨ ਪਾਹਿ।
ਅੰਮ੍ਰਿਤਸਰ ਹੈ ਹਿਸੇ ਚੁਹਰਮ। ਹਾਂਸੀ ਹਿਸਾਰ ਮਲਕਰੀ ਗੁਜ਼ਾਰਮ।

ਗਿਆਨੀ ਭਗਵਾਨ ਸਿੰਘ ਜੀ ਨੇ ਆਪਣੇ ਪੁੱਤਰਾਂ ਨੂੰ ਗੁਰਸਿੱਖੀ ਵਿੱਚ ਪ੍ਰਪੱਕ ਹੋਣ ਦੀ

ਸਿੱਖਿਆ ਦਿੱਤੀ। ਜੱਸਾ ਸਿੰਘ ਜੀ ਨੇ ਗੁਰਮੁਖੀ, ਫਾਰਸੀ ਅਤੇ ਜੰਗੀ ਹੁਨਰ ਆਪਣੇ ਪਿਤਾ ਪਾਸੋਂ ਹੀ ਗ੍ਰਹਿਣ ਕੀਤੇ। ਜੱਸਾ ਸਿੰਘ ਦੀ, ਪਿਤਾ ਪੁਰਖੀ ਤਾਰਖਾਣੇ ਕੰਮ ਵਿੱਚ ਰੁਚੀ ਨਹੀਂ ਸੀ। ਆਪ ਦਾ ਅਨੰਦ ਕਾਰਜ ਬੀਬੀ ਗੁਰਦਿਆਲ ਕੌਰ ਨਾਲ ਹੋਇਆ। ਜਿਸ ਦੀ ਕੁਖੋਂ ਦੋ ਬੇਟਿਆਂ ਸ.ਜੋਧ ਸਿੰਘ ਅਤੇ ਵੀਰ ਸਿੰਘ ਨੇ ਜਨਮ ਲਿਆ। ਆਪ ਦੇ ਪਿਤਾ ਜੀ ਸੰਨ ੧੭੩੯ ਈ. ਵਿੱਚ ਨਾਦਰ ਸਾਹ ਦੇ ਹਮਲੇ ਸਮੇਂ ਸ਼ਹੀਦ ਹੋ ਗਏ। ਇਸ ਦੇ ਬਦਲੇ ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਪੰਜ ਪਿੰਡ, ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਅਤੇ ਚੱਬਾ ਦਿੱਤੇ। ਸ.ਜੱਸਾ ਸਿੰਘ ਦੇ ਹਿੱਸੇ, ਵੱਲਾ ਪਿੰਡ ਆਇਆ। ਇਨ੍ਹਾਂ ਤੋਂ ਬਾਅਦ ਜੱਸਾ ਸਿੰਘ ਜੀ ਸ.ਨੰਦ ਸਿੰਘ ਸੰਘਣੀਆਂ ਦੇ ਜੱਥੇ ਵਿੱਚ ਸ਼ਾਮਲ ਹੋ ਗਏ ਅਤੇ ਜੰਗੀ ਕਰਤਵਾਂ ਵਿੱਚ ਪ੍ਰਬੀਨਤਾ ਹਾਸਲ ਕੀਤੀ। ਸ.ਨੰਦ ਸਿੰਘ ਜੀ ਜੋ ਕਨ੍ਹਈਆ ਮਿਸਲ ਦੇ ਮੁਖੀ ਸਨ ਜੱਸਾ ਸਿੰਘ ਦੇ ਨਾਨਾ ਜੀ ਸਨ। ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਾਣੇ-ਅਣਜਾਣੇ ਵਿੱਚ ਹੋਈ ਕਿਸੇ ਦੁਖਦਾਈ ਘਟਨਾ ਕਰਕੇ ਜੱਸਾ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ। ਦੂਜੇ ਪਾਸੇ ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਜੱਸਾ ਸਿੰਘ ਜੀ ਮੁਸਲਮਾਨੀ ਫੌਜਾਂ ਦਾ ਭੇਤ ਲੈਣ ਲਈ ਆਪਣੇ ਆਪ ਹੀ ਅਦੀਨਾ ਬੇਗ ਸੂਬੇਦਾਰ ਜਲੰਧਰ ਦੀ ਫੌਜ ਵਿੱਚ ਸੰਨ ੧੭੪੫ ਵਿੱਚ ਸ਼ਾਮਲ ਹੋ ਗਏ। ਆਪ ਨੂੰ ਇੱਕ ਸੌ ਸਿੱਖਾਂ ਦੀ ਫੌਜ ਦਾ ਕਮਾਂਡਰ ਨੀਯਤ ਕੀਤਾ ਗਿਆ। ਇਸ ਕਾਰਵਾਈ ਤੋਂ ਖਾਲਸਾ ਪੰਥ ਆਪ ਤੋਂ ਨਾਰਾਜ਼ ਸੀ।

ਸੰਨ ੧੭੪੮ ਈ. ਨੂੰ ਸਿੱਖ ਪੰਥ ਦੀਵਾਲੀ ਮੰਨਾਉਣ ਲਈ ਸ੍ਰੀ ਅੰਮ੍ਰਿਤਸਰ ਵਿੱਚ ਇਕੱਠਾ ਹੋਇਆ। ਮੀਰ ਮਨੂੰ ਗਵਰਨਰ ਲਾਹੌਰ ਨੇ ਸਿੱਖਾਂ ਨੂੰ ਮਾਰ ਮੁਕਾਉਣ ਲਈ ਹਮਲਾ ਕਰ ਦਿੱਤਾ। ਬਹੁਤ ਸਾਰੇ ਸਿੰਘ ਤਾਂ ਆਲੇ ਦੁਆਲੇ ਦੇ ਜੰਗਲਾਂ ਵਿੱਚ ਛੁਪ ਗਏ ਪਰ ੫੦੦ ਦੇ ਲਗ ਪਗ ਸਿੰਘਾਂ ਨੇ ਰਾਮ ਰੌਣੀ ਗੜ੍ਹੀ ਵਿੱਚ ਸਰਣ ਲਈ। ਲਾਹੌਰ ਤੇ ਜਲੰਧਰ ਦੀਆਂ ਫੌਜਾਂ ਨੇ ਰਾਮਰੌਣੀ ਨੂੰ ਘੇਰਾ ਪਾ ਲਿਆ ਜੋ ਚਾਰ ਮਹੀਨੇ ਤਕ ਜਾਰੀ ਰਿਹਾ। ਅਦੀਨਾ ਬੇਗ ਦੀ ਫੌਜ ਵਿੱਚ ਜੱਸਾ ਸਿੰਘ ਵੀ ਆਪਣੀ ਫੌਜੀ ਟੁਕੜੀ ਸਮੇਤ ਸ਼ਾਮਲ ਸਨ। ਗੜ੍ਹੀ ਵਿਚਲੇ ਅੱਧੇ ਤੋਂ ਜਿਆਦਾ ਸਿੰਘ ਮਾਰੇ ਗਏ। ਜੱਥੇਦਾਰ ਜੱਸਾ ਸਿੰਘ ਦੇ ਸਿੱਖੀ ਖੂਨ ਨੇ ਸਿੱਖ ਭਰਾਵਾਂ ਨੂੰ ਸੰਕਟ ਵਿੱਚ ਫਸੇ ਦੇਖ ਕੇ ਉਬਾਲਾ ਖਾਧਾ। ਉਨ੍ਹਾਂ ਨੇ ਤੀਰ ਦੀ ਮੁਖੀ ਨਾਲ ਚਿੱਠੀ ਬੰਨ ਕੇ ਗੜ੍ਹੀ ਅੰਦਰ ਭੇਜੀ ਜਿਸ ਵਿੱਚ ਲਿਖਿਆ ਸੀ ਕਿ ਮੇਰੇ ਪਾਸੋਂ ਜਾਣੇ-ਅਣਜਾਣੇ ਵਿੱਚ ਹੋਈ ਗਲਤੀ ਨੂੰ ਸਿੱਖ ਪੰਥ ਮੁਆਫ ਕਰੇ। ਮੈਂ ਆਪਣੇ ਸਿੱਖ ਭਰਾਵਾਂ ਦੀ ਇਸ ਦੁਖਦਾਈ ਘੜੀ ਵਿੱਚ ਮਦਦ ਕਰਨਾ ਚਾਹੁੰਦਾ ਹਾਂ। ਸਿੱਖ ਪੰਥ ਨੇ ਗੁਰਮੱਤਾ ਕਰਕੇ ਜੱਥੇਦਾਰ ਜੀ ਨੂੰ

ਮੁਆਫ ਕਰਕੇ ਸਿੱਖ ਪੰਥ ਵਿੱਚ ਸ਼ਾਮਲ ਕਰ ਲਿਆ। ਜੱਥੇਦਾਰ ਜੀ ਆਪਣੀ ਫੌਜ ਸਮੇਤ ਰਾਮਰੌਣੀ ਵਿੱਚ ਦਾਖਲ ਹੋ ਗਏ ਅਤੇ ਦੁਸ਼ਮਣੀ ਫੌਜਾਂ ਵਿੱਚ ਹਲ-ਚਲ ਮਚ ਗਈ। ਜੱਥੇਦਾਰ ਜੀ ਨੇ ਭਾਈ ਕੌੜਾ ਮਲ ਜੀ ਦੀ ਰਾਹੀਂ ਮੀਰ ਮਨੂੰ ਤੇ ਦਬਾਅ ਪੁਆ ਕੇ ਘੇਰਾ ਹਟਵਾ ਦਿੱਤਾ। ਇਸ ਘਟਨਾ ਤੋਂ ਬਾਅਦ ਦਲ ਖਾਲਸਾ ਨੇ ਰਾਮਰੌਣੀ ਦਾ ਪੂਰਾ ਪ੍ਰਬੰਧ ਸ.ਜੱਸਾ ਸਿੰਘ ਨੂੰ ਸੌਂਪ ਦਿੱਤਾ। ਜੱਥੇਦਾਰ ਜੀ ਨੇ ਬੜੀ ਲਗਨ ਅਤੇ ਘਾਲਣਾ ਘਾਲ ਕੇ ਗੜ੍ਹੀ ਦੀ ਥਾਂ ਨਵਾਂ ਕਿਲ੍ਹਾ ਉਸਾਰਿਆ ਜਿਸ ਦਾ ਨਾਮ ਰਾਮਗੜ੍ਹ ਰੱਖਿਆ। ਇਸ ਕਿਲ੍ਹੇ ਰਾਮਗੜ੍ਹ ਦੀ ਉਸਾਰੀ ਤੇ ਸਾਂਭ ਸੰਭਾਲ ਕਰਕੇ ਜੱਥੇਦਾਰ ਜੀ ਦਾ ਨਾਮ ਜੱਸਾ ਸਿੰਘ ਰਾਮਗੜ੍ਹੀਆ ਪ੍ਰਚੱਲਤ ਹੋ ਗਿਆ। ਇਸ ਤੋਂ ਪਹਿਲਾ ਆਪ ਨੂੰ ਜੱਸਾ ਸਿੰਘ ਠੋਕਾ ਕਿਹਾ ਜਾਂਦਾ ਸੀ। ਠੋਕਾ ਉਸ ਸਮੇਂ ਤਰਖਾਣਾਂ ਕੰਮ ਕਰਨ ਵਾਲਿਆ ਦਾ ਨਾਮ ਹੁੰਦਾ ਸੀ। ਪ੍ਰਸਿੱਧ ਇਤਿਹਾਸਕਾਰ ਸ.ਰਤਨ ਸਿੰਘ ਭੰਗੂ ਅਨੁਸਾਰ :

ਰਾਮ ਰੌਣੀ ਰਾਮਗੜ੍ਹ ਭਇਓ ਤਿਸ ਦਿਨ ਤੇ ਮਸ਼ਹੂਰ।
ਠੋਕੇ ਰਾਮਗੜ੍ਹੀਏ ਭਏ ਲੜੇ ਜੋ ਵਖਤ ਜਰੂਰ। (ਪ੍ਰਾਚੀਨ ਪੰਥ ਪ੍ਰਕਾਸ)

ਇਸੇ ਤਰ੍ਹਾਂ ਸ.ਜਸਵੰਤ ਸਿੰਘ ਰਾਹੀਂ ਨੇ ਮਹਾਂ-ਕਾਵਿ ਵਿੱਚ ਬਿਆਨ ਕੀਤਾ ਹੈ :

ਜੱਸਾ ਸਿੰਘ ਸਰਦਾਰੀ ਰੱਖਦਾ ਕਿਲ੍ਹੇ ਦੀ, ਹੋ ਗਈ ਕਿਲੇਦਾਰੀ ਪੱਲੀ ਉਸ ਦੀ।
ਤਾਕਤ ਸੀ ਕਰਤਾਰੀ ਉਸ ਦੇ ਦਸਤ ਵਿੱਚ, ਘੋੜੇ ਤੇ ਅਸਵਾਰੀ ਉਸ ਦੀ ਪੌਣ ਵਾਂਗ।

ਜੱਥੇਦਾਰ ਜੱਸਾ ਸਿੰਘ ਜੋ ਕਿ ਰਾਮਗੜ੍ਹੀਆ ਮਿਸਲ ਦੇ ਮੁੱਖੀ ਵੀ ਸਨ ਸੂਰਬੀਰ ਯੋਧੇ ਅਤੇ ਦੂਰ ਅੰਦੇਸ਼ ਸਨ। ਉਨ੍ਹਾਂ ਨੇ ਹੋਰ ਸਿੱਖ ਸਰਦਾਰਾਂ ਨਾਲ ਮਿਲ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਹੋਈਆਂ ਜੰਗਾਂ ਵਿੱਚ ਭਰਪੂਰ ਹਿੱਸਾ ਲਿਆ। ਕਵੀ ਨੂਰ ਮੁਹੰਮਦ ਅਬਦਾਲੀ ਦੇ ਜੰਗ ਦਾ ਹਾਲ ਬਿਆਨ ਕਰਦਾ ਹੋਇਆ ਲਿਖਦਾ ਹੈ :

ਦਿਗਰ ਜੱਸਾ ਠੋਕਾ ਬਦਸ ਹਮਅਨਾ ਕਿ ਸ਼ੇਰ ਬਦਾਂ ਸੱਗ ਤਬਾਬੋ ਤਵਾਂ।

ਭਾਵ ਦੂਜਾ ਜੱਸਾ ਸਿੰਘ ਠੋਕਾ ਵੀ ਉਸ ਜੰਗ ਵਿੱਚ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਨਾਲ ਸੀ ਜਿਹੜਾ ਕਿ ਬਾਕੀ ਉਨ੍ਹਾਂ ਸੱਗਾ (ਕੁੱਤਿਆਂ) ਵਿਚਕਾਰ ਇਕ ਆਫਰੇ ਹੋਏ ਸ਼ੇਰ ਦੀ ਤਰ੍ਹਾਂ ਜਾਪਦਾ ਸੀ। ਉਹ ਸਿੱਖਾਂ ਨੂੰ ਕੁੱਤੇ ਕਹਿ ਕੇ ਲਿਖਦਾ ਹੈ ਪਰ ਜੱਥੇਦਾਰ ਰਾਮਗੜ੍ਹੀਆ ਜੀ ਦੀ ਸੂਰਮਤਾਈ ਅਤੇ ਜੰਗੀ ਕਰਤਵ ਨੂੰ ਕਬੂਲਦਾ ਹੋਇਆ ਉਨ੍ਹਾਂ ਨੂੰ ਸ਼ੇਰ ਦੀ ਨਿਆਈ ਵਰਨਣ ਕਰਦਾ ਹੈ।

ਅਪ੍ਰੈਲ ਸੰਨ ੧੭੫੮ ਨੂੰ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ

ਪਹਿਲੇ ਸੂਬੇਦਾਰਾਂ ਵਾਂਗ ਹੀ ਭਾਰੀ ਫੌਜ ਚੜ੍ਹਾ ਕੇ ਲਾਹੌਰ ਦੇ ਨੇੜੇ-ਤੇੜੇ ਵਾਲੇ ਜੰਗਲਾਂ ਨੂੰ ਸਾਫ ਕਰਾਉਣਾ ਸ਼ੁਰੂ ਕੀਤਾ ਤਾਂ ਜੋ ਸਿੱਖਾਂ ਨੂੰ ਮਾਰ ਮੁਕਾਇਆ ਜਾ ਸਕੇ। ਜੱਥੇਦਾਰ ਰਾਮਗੜ੍ਹੀਆ, ਜੈ ਸਿੰਘ ਕਨ੍ਹਈਆ ਤੇ ਹੋਰ ਸਰਦਾਰਾ ਨੇ ਕਿਲ੍ਹਾ ਰਾਮਗੜ੍ਹ ਵਿੱਚ ਪਹੁੰਚ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ। ਦੁਸ਼ਮਣ ਫੌਜਾਂ ਦੇ ਭਾਰੀ ਦਬਾਅ ਕਾਰਨ ਇਨ੍ਹਾਂ ਸਰਦਾਰਾਂ ਨੂੰ ਕਿਲ੍ਹੇ ਵਿਚੋਂ ਨਿਕਲਣਾ ਪਿਆ। ਅਦੀਨਾ ਬੇਗ ਦੀ ਮੌਤ ਤੋਂ ਬਾਅਦ ਜੱਥੇਦਾਰ ਰਾਮਗੜ੍ਹੀਆ ਅਤੇ ਜੈ ਸਿੰਘ ਕਨ੍ਹਈਆ ਨੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਵਿੱਚਕਾਰਲੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਫਿਰ ਕਾਂਗੜੇ ਵਲ ਪਹਾੜੀ ਰਿਆਸਤਾਂ ਤੋਂ ਮਾਮਲਾ ਵਸੂਲ ਕਰਨਾ ਸ਼ੁਰੂ ਕੀਤਾ ਅਤੇ ਹੁਸ਼ਿਆਰਪੁਰ ਵਲ ਦੇ ਕਈ ਇਲਾਕੇ ਆਪਣੇ ਅਧਿਕਾਰ ਥੱਲੇ ਕਰ ਲਏ। ਪਰ ਬਦਕਿਸਮਤੀ ਨਾਲ ਉਸ ਸਮੇਂ ਇਲਾਕਿਆਂ ਦੀ ਮੱਲ-ਮਲਾਈ ਕਾਰਨ ਮਿਸਲਾਂ ਦੀ ਆਪੋ ਵਿੱਚ ਖਿੱਚੋਤਾਣ ਵਧ ਗਈ। ਜੱਥੇਦਾਰ ਰਾਮਗੜ੍ਹੀਆ ਅਤੇ ਜੱਥੇਦਾਰ ਆਹਲੂਵਾਲੀਆ ਵਿੱਚ ਵੀ ਵੈਰ-ਵਿਰੋਧ ਵਧ ਗਿਆ। ਇਸ ਕਰਕੇ ਜੱਥੇਦਾਰ ਰਾਮਗੜ੍ਹੀਆ ਇਹ ਇਲਾਕੇ ਛੱਡ ਕੇ ਹਿਸਾਰ ਵਲ ਚਲੇ ਗਏ। ਆਪਣੇ ਪਰਉਪਕਾਰੀ ਸੁਭਾਅ ਅਤੇ ਗਰੀਬਾਂ ਦੀ ਮਦਦ ਕਰਨ ਵਾਲੇ ਰਾਮਗੜ੍ਹੀਆ ਨੇ ਹਿਸਾਰ ਦੇ ਇੱਕ ਗਰੀਬ ਬ੍ਰਾਹਮਣ ਦੀ ਲੜਕੀ ਨੂੰ ਜਾਲਮ ਹਾਕਮਾਂ ਤੋਂ ਛੁਡਵਾਇਆ ਇਸ ਕਾਰਜ ਕਰਕੇ ਆਪ ਦਾ ਜੱਸ ਉਸ ਇਲਾਕੇ ਵਿੱਚ ਬਹੁਤ ਫੈਲ ਗਿਆ ਅਤੇ ਜਨਤਾ ਦਾ ਬਹੁਤ ਸਤਿਕਾਰ ਮਿਲਿਆ। ਇਸ ਦੌਰਾਨ ਹੀ ਆਪ ਨੇ ਜਮਨਾ ਪਾਰ ਸਹਾਰਨਪੁਰ ਤੇ ਦਿੱਲੀ ਦੇ ਆਲੇ ਦੁਆਲੇ ਇਲਾਕਿਆਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਦਿੱਲੀ ਉੱਤੇ ਬਹੁਤ ਹਮਲੇ ਕੀਤੇ। ਅਖੀਰ ਗਿਆਰਾਂ ਮਾਰਚ ਸੰਨ ੧੭੮੩ ਨੂੰ ਜੱਥੇਦਾਰ ਰਾਮਗੜ੍ਹੀਆ, ਜੱਥੇਦਾਰ ਆਹਲੂਵਾਲੀਆ, ਜੱਥੇਦਾਰ ਬਘੇਲ ਸਿੰਘ ਅਤੇ ਜੱਥੇਦਾਰ ਮਹਾਂ ਸਿੰਘ ਸ਼ੁਕਰਚਾਰੀਆ ਨੇ ਦਿੱਲੀ ਫਤਿਹ ਕਰਕੇ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ। ਸਿੰਘ ਸਰਦਾਰਾਂ ਨੇ ਮੁਗ਼ਲ ਸਾਮਰਾਜ ਦਾ ਉਹ ਤਖਤ-ਏ-ਤਾਊਸ ਪੁੱਟਿਆ ਜਿਸ ਉੱਤੇ ਬੈਠ ਕੇ ਜ਼ਾਬਰ ਬਾਦਸ਼ਾਹ ਹੁਕਮ ਜਾਰੀ ਕਰਦੇ ਸਨ। ਇਹ ਤਖਤ-ਏ-ਤਾਊਸ ਦੀ ਸਿਲ ਅੱਜ ਵੀ ਬੁੰਗਾ ਰਾਮਗੜ੍ਹੀਆ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਮੌਜੂਦ ਹੈ।

ਅਕਤੂਬਰ ੧੭੮੩ ਈ. ਵਿੱਚ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਅਕਾਲ ਚਲਾਣਾ ਕਰ ਜਾਣ ਤੇ ਦਲ ਖਾਲਸਾ ਵਿੱਚ ਤ੍ਰੇੜਾਂ ਪੈ ਗਈਆਂ, ਸ.ਜੈ ਸਿੰਘ ਕਨ੍ਹਈਆ ਤੇ ਸ.ਮਹਾਂ ਸਿੰਘ ਸ਼ੁਕਰਚੱਕੀਆ ਆਪੋ ਵਿੱਚ ਲੜ ਪਏ। ਸ.ਮਹਾਂ ਸਿੰਘ ਨੇ ਜੱਥੇਦਾਰ ਰਾਮਗੜ੍ਹੀਆ ਨੂੰ ਬੇਨਤੀ ਕਰਕੇ ਵਾਪਸ ਬੁਲਾ ਲਿਆ, ਦੋਹਾਂ ਜੱਥੇਦਾਰਾਂ ਨੇ ਮਿਲ ਕੇ ਜੈ ਸਿੰਘ

ਕਨ੍ਹਈਆ ਦੇ ਬਟਾਲੇ ਵਾਲੇ ਕਿਲ੍ਹੇ ਤੇ ਹਮਲਾ ਕਰ ਕੇ ਜਿੱਤ ਲਿਆ। ਇਸ ਤਰ੍ਹਾਂ ਜੱਥੇਦਾਰ ਰਾਮਗੜ੍ਹੀਆ ਨੇ ਆਪਣੇ ਪੁਰਾਣੇ ਇਲਾਕਿਆਂ ਤੇ ਦੁਬਾਰਾ ਕਬਜ਼ਾ ਕਰ ਲਿਆ। ਬਾਰੀ ਦੁਆਬ ਦੇ ਇਲਾਕੇ ਬਟਾਲਾ ਸ੍ਰੀ ਹਰਿਗੋਬਿੰਦ ਪੁਰਾ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਣ ਆਦਿ ਤੇ ਜਲੰਧਰ ਦੁਆਬੇ ਦੇ ਇਲਾਕੇ ਮਨੀਵਾਲ, ਸਰੀਹ, ਦੋਬਨ, ਝੋਰਾ, ਮੱਕਣਾਪੁਰ, ਮੇਘ ਵਾਲ, ਮਿਆਨੀ, ਉੜਮੁੜ ਟਾਂਡਾ, ਗੜ੍ਹਦੀਵਾਲ, ਜਹੂਰਾ ਅਤੇ ਪਹਾੜੀ ਇਲਾਕੇ ਕਟੋਚੀ, ਚੰਬਾ, ਹਰੀਪੁਰ ਆਦਿ ਜੱਥੇਦਾਰ ਜੱਸਾ ਸਿੰਘ ਦੀ ਮਲਕੀਅਤ ਹੋ ਗਏ। ਇਸ ਪ੍ਰਕਾਰ ਆਪਣੀ ਸਲਤਨਤ ਕਾਇਮ ਕਰਕੇ ਜੱਥੇਦਾਰ ਰਾਮਗੜ੍ਹੀਆ ਜੀ ੮੦ ਸਾਲ ਦੀ ਉਮਰ ਭੋਗ ਕੇ ੨੦ ਅਪ੍ਰੈਲ ੧੮੦੩ ਈ. ਨੂੰ ਸ੍ਰੀ ਹਰਿਗੋਬਿੰਦ ਪੁਰ ਵਿੱਚ ਅਕਾਲ ਚਲਾਣਾ ਕਰ ਗਏ । ਸੰਨ ੧੯੯੫ ਈ, ਨੂੰ ਰਾਮਗੜ੍ਹੀਆ ਦੇ ਸਿੰਘਪੁਰਾ (ਹੁਸ਼ਿਆਰਪੁਰ) ਸਥਿੱਤ ਕਿਲ੍ਹੇ ਦੀ ਨਿਸ਼ਾਨ ਦੇਹੀ ਕਰਕੇ ਜੱਥੇਦਾਰ ਜੱਸਾ ਸਿੰਘ ਜੀ ਦਾ ਸਮਾਰਕ ਬਣਾਇਆ ਗਿਆ ਹੈ।

ਸਮੁੱਚੇ ਤੌਰ ਤੇ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਇੱਕ ਸੂਰਬੀਰ ਯੋਧਾ ਹੀ ਨਹੀਂ ਸਨ ਸਗੋ ਬਹੁਤ ਧਰਮ ਆਤਮਾ ਨੇਕ ਦਿਲ, ਗਰੀਬਾਂ ਦੀ ਮਦਦ ਕਰਨ ਵਾਲੇ, ਪਰਉਪਕਾਰੀ ਸਿੱਖ ਸਨ। ਗੁਰਬਾਣੀ ਦਾ ਪਾਠ ਨੇਮ ਨਾਲ ਕਰਦੇ ਸਨ। ਗੁਰੂ ਰਾਮਦਾਸ ਜੀ ਦੇ ਨਾਲ ਆਪ ਦਾ ਖਾਸ ਸਨੇਹ ਸੀ ਜਿਸ ਕਰਕੇ ਗੁਰੂ ਰਾਮਦਾਸ ਜੀ ਦੇ ਨਾਮ ਤੇ ਆਪ ਨੇ ਕਿਲ੍ਹਾ ਰਾਮਗੜ੍ਹ ਉਸਾਰਿਆ, ਟਕਸਾਲੀ ਸਿੱਕਿਆਂ ਨੂੰ ਰਾਮ ਰਾਸ ਅਤੇ ਛੋਟੀਆਂ ਤੋਪਾਂ ਨੂੰ ਰਾਮ ਜੰਗੇ ਕਹਿ ਕੇ ਪੁਕਾਰਿਆ। ਰਾਜਨੀਤਕ ਸੂਝ ਬੂਝ ਉਨ੍ਹਾਂ ਨੂੰ ਆਪਣੇ ਜੀਵਨ ਘੋਲ ਵਿਚੋਂ ਪ੍ਰਾਪਤ ਹੋਈ। ਉਹ ਬੁਲੰਦ ਹੌਸਲੇ ਦੇ ਮਾਲਕ ਸਨ ਜਿਸ ਦਾ ਸਦਕਾ ਉਹ ਆਪਣੇ ਜੀਵਨ ਵਿੱਚ ਆਏ ਉਤਰਾਅ-ਚੜ੍ਹਾਅ ਦਾ ਮੁਕਾਬਲਾ ਬੜੀ ਨਿਡਰਤਾ ਤੇ ਅਡੋਲ ਅਵਸਥਾ ਵਿੱਚ ਕਰਦੇ ਰਹੇ। ਪਹਾੜੀ ਰਿਆਸਤਾਂ ਨੂੰ ਸਰ ਕਰਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਖ ਰਾਜ ਦੀ ਨੀਂਹ ਰੱਖੀ। ਜੱਥੇਦਾਰ ਰਾਮਗੜ੍ਹੀਆ ਨੇ ਸੁਰੱਖਿਆ ਦ੍ਰਿਸ਼ਟੀ ਕੋਣ ਤੋਂ ਮਹੱਤਵ ਪੂਰਨ ਥਾਵਾਂ ਤੇ ਕਿਲ੍ਹੇ ਉਸਾਰਨ ਦੀ ਨੀਤੀ ਨੂੰ ਵੱਡੇ ਪੈਮਾਨੇ ਉਤੇ ਅਪਣਾਇਆ। ਰਾਮਗੜ੍ਹੀਆ ਸਰਦਾਰ ਇੱਕ ਸਾਧਾਰਨ ਕਿਰਤੀ ਪਰਿਵਾਰ ਵਿਚੋਂ ਉੱਠ ਕੇ ਆਪਣੇ ਸਮੇਂ ਦੇ ਮਿਸਲਦਾਰ ਅਤੇ ਮਹਾਰਾਜਾ ਬਣੇ। ਇਸ ਤਰ੍ਹਾਂ ਆਪ ਦਾ ਜੀਵਨ ਹਮੇਸ਼ਾਂ ਹੀ ਇੱਕ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ। ਸਾਰੀ ਸਿੱਖ ਕੌਮ ਨੂੰ ਆਪਣੇ ਇਸ ਅਨਮੋਲ ਹੀਰੇ ਉੱਤੇ ਮਾਣ ਹਮੇਸ਼ਾ ਕਾਇਮ ਰਹੇਗਾ।

-o-o-o-

# ਇੱਕ ਚੁੱਪ ਸੌ ਸੁੱਖ

-ਸ.ਹਰੀ ਸਿੰਘ ਕੁਵੈਤ ਵਾਲੇ

ਭਰੇ ਹੋਏ ਭਾਂਡੇ ਨੂੰ ਜੇਕਰ ਛਣਕਾਵੋ ਤਾਂ ਉਸ ਦੀ ਆਵਾਜ਼ ਬਹੁਤ ਘੱਟ ਆਉਂਦੀ ਹੈ ਜਦ ਕਿ ਖਾਲੀ ਭਾਂਡਾ ਬਹੁਤ ਗੂੰਜਦਾ ਹੈ। ਇਸੇ ਪ੍ਰਕਾਰ ਜੋ ਆਦਮੀ ਪ੍ਰਮਾਤਮਾ ਦੀ ਭਗਤੀ ਨਾਲ ਭਰ ਜਾਂਦਾ ਹੈ ਤਾਂ ਫਿਰ ਉਹ ਬਹੁਤ ਘੱਟ ਬੋਲਦਾ ਹੈ। ਦੂਸਰੇ ਪਾਸੇ ਜੋ ਭਗਤੀ ਤੋਂ ਸੱਖਣੇ ਹੁੰਦੇ ਹਨ, ਉਹ ਬਹੁਤ ਫੜਾਂ ਮਾਰਦੇ ਫਿਰਦੇ ਹਨ। ਤਦੇ ਭਗਤ ਕਬੀਰ ਸਾਹਿਬ ਫੁਰਮਾਦੇ ਹਨ :-

**ਕਹੁ ਕਬੀਰ ਛੂਛਾ ਘਟੁ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥** (ਅੰਗ-੮੭੦)

ਸਭ ਨਾਲ ਮਿੱਠਾ, ਪਿਆਰ ਅਤੇ ਸਤਿਕਾਰ ਨਾਲ ਬੋਲਣ ਦੀ ਆਦਤ ਪਾਉਂਣੀ ਚਾਹੀਦੀ ਹੈ। ਕਈ ਵਾਰੀ ਅਸੀਂ ਐਸੇ ਬੋਲਦੇ ਹਾਂ, ਜਿਨ੍ਹਾਂ ਕਰਕੇ ਦੋਸਤ ਵੀ ਸਾਡੇ ਦੁਸ਼ਮਣ ਬਣ ਜਾਂਦੇ ਹਨ ਤੇ ਸਾਰੇ ਆਪਸੀ ਸੰਬੰਧ ਟੁੱਟ ਜਾਂਦੇ ਹਨ। ਇਸੇ ਤਰ੍ਹਾਂ ਐਸੇ ਵੀ ਬੋਲ ਹਨ, ਜੋ ਬੋਲਣ ਨਾਲ ਸਭ ਦਾ ਦਿਲ ਜਿੱਤ ਸਕਦੇ ਹਨ, ਸਭ ਤੋਂ ਪਿਆਰ ਲੈ ਸਕਦੇ ਹਾਂ ਤੇ ਬਿਗਾਨੇ ਵੀ ਆਪਣੇ ਬਣ ਸਕਦੇ ਹਨ। ਸਾਡੀ ਬੋਲ ਬਾਣੀ ਤੋਂ ਹੀ ਸਾਡੀ ਸ਼ਖਸੀਅਤ ਦਾ ਪਤਾ ਲੱਗਦਾ ਹੈ। ਵੇਖਿਆ ਜਾਵੇ ਤਾਂ ਸਾਡਾ ਸਾਰਾ ਬੋਲਣਾ, ਅੱਖਰਾਂ ਰਾਹੀਂ ਹੀ ਹੁੰਦਾ ਹੈ। ਸਭ ਅੱਖਰਾਂ ਦੀ ਖੇਡ ਹੈ। ਜਿਵੇਂ ਜਪੁ ਜੀ ਸਾਹਿਬ ਵਿਚ ਫੁਰਮਾਨ ਹੈ :-

**ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥**

ਕਬੀਰ ਸਾਹਿਬ ਵੀ ਫੁਰਮਾਨ ਕਰਦੇ ਹਨ :-

**ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥**
**ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖਾਨਾ ॥** (ਅੰਗ-੨੬੧)

ਕਦੇ ਸੋਚਣਾ, ਸਾਡੇ ਘਰਾਂ ਦੇ ਨੱਬੇ ਪ੍ਰਤੀਸ਼ਤ ਲੜਾਈ ਝਗੜੇ ਅੱਖਰਾਂ ਦੇ ਗਲਤ ਬੋਲਣ ਨਾਲ ਵਧਦੇ ਹਨ। ਦਰੋਪਤੀ ਨੇ ਦਰਯੋਧਨ ਨੂੰ ਦੋ ਗਲਤ ਅੱਖਰ "ਅੰਨ੍ਹੇ ਦਾ ਪੁੱਤਰ ਅੰਨ੍ਹਾ" ਹੀ ਬੋਲਿਆ ਸੀ ਕਿ ਏਡਾ ਵੱਡਾ ਮਹਾਂਭਾਰਤ ਦਾ ਯੁੱਧ ਹੋਇਆ ਤੇ ਐਨੀ ਵੱਡੀ ਤਬਾਹੀ ਹੋਈ। ਹੋਰ ਗਲਤ ਅੱਖਰ ਬੋਲਣ ਨਾਲ ਕੇਵਲ ਦੂਸਰੇ ਨੂੰ ਹੀ ਚੋਟ ਨਹੀਂ ਪੁੱਜਦੀ, ਸਗੋਂ ਆਪਣਾ ਮਨ ਤੇ ਤਨ ਵੀ ਮੈਲੇ ਹੁੰਦੇ ਹਨ। ਅੱਖਰਾਂ ਵਿਚ ਜ਼ਹਿਰ ਤੇ ਅੱਖਰਾਂ ਵਿਚ ਅੰਮ੍ਰਿਤ ਵੀ ਹੋ ਸਕਦਾ ਹੈ। ਅੱਖਰਾਂ ਦੇ ਵਿਕਾਸ ਨਾਲ ਹੀ ਕੋਈ ਭਗਤ, ਸਾਇੰਸਦਾਨ, ਡਾਕਟਰ ਬਣ ਸਕਦਾ ਹੈ।

ਜਦੋਂ ਅਸੀਂ ਰੋਟੀ ਖਾ ਕੇ ਰੱਜ ਜਾਂਦੇ ਹਾਂ ਤਾਂ ਹੋਰ ਖਾਣਾ ਬੰਦ ਕਰ ਦਿੰਦੇ ਹਾਂ, ਪਰ ਇਹ ਅਸੂਲ ਅਸੀਂ ਬੋਲਣ ਉਪਰ ਲਾਗੂ ਨਹੀਂ ਕਰਦੇ। ਕੋਈ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ, ਪਰ ਫਿਰ ਵੀ ਅਸੀਂ ਬੋਲੀ ਜਾਂਦੇ ਹਾਂ। ਜਿਥੇ ਤੱਕ ਹੋ ਸਕੇ ਘੱਟ ਤੋਂ ਘੱਟ ਬੋਲਣ ਦੀ ਕੋਸ਼ਿਸ਼ ਕਰੋ। ਜਿਥੇ ਸਾਡੇ ਬੋਲੇ ਬਿਨ੍ਹਾਂ ਕੰਮ ਸਰ ਸਕਦਾ ਹੋਵੇ, ਉਥੇ ਚੁੱਪ ਹੀ ਰਹੋ। ਜਿਵੇਂ ਗੁਰਬਾਣੀ ਦਾ ਆਦੇਸ਼ ਹੈ :-

**ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥** (ਅੰਗ-੧੪੯)

**ਲਬੁ ਲੋਭੁ ਅਹੰਕਾਰ ਤਜ ਤ੍ਰਿਸਨਾ ਬਹੁਤ ਨਹੀਂ ਬੋਲਣਾ ॥** (ਅਨੰਦ ਸਾਹਿਬ)

ਪਰ ਜਰਾ ਖਿਆਲ ਰਹੇ ਕਿ ਚੁੱਪ ਸਦਾ ਚੰਗੀ ਨਹੀਂ ਹੁੰਦੀ। ਕਿਸੇ ਵੇਲੇ ਸਮੇਂ ਸਿਰ ਨਾ ਬੋਲਣ ਕਾਰਨ ਮਨੁੱਖ ਨੂੰ ਦੋਸ਼ੀ ਸਮਝਿਆ ਜਾ ਸਕਦਾ ਹੈ। ਕਦੇ ਚੁੱਪ ਨੂੰ ਦੂਸਰਾ ਆਪਣੀ ਹੱਤਕ ਵੀ ਸਮਝ ਸਕਦਾ ਹੈ ਅਤੇ ਕਦੇ ਚੁੱਪ ਦੂਸਰੇ ਤੇ ਮਸਖਰੀ ਦਾ ਅਸਰ ਵੀ ਪਾ ਸਕਦੀ ਹੈ। ਕਦੇ ਚੁੱਪ ਰਹਿਆਂ ਵੱਡਾ ਅਨਰਥ ਹੋ ਸਕਦਾ ਹੈ। ਤਦੇ ਸਤਿਗੁਰੂ ਨੇ ਮੋਨ ਨੂੰ ਨਹੀਂ ਸਲਾਹਿਆ ਤੇ ਫੁਰਮਾਇਆ ਹੈ :-

**ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥** (ਅੰਗ-੪੬੭)

ਮੋਨ ਬੈਠੇ ਰਹਿਣ ਨਾਲ ਬੰਦਾ ਤਬਾਹ ਹੋ ਜਾਂਦਾ ਹੈ। ਪਰ ਗੁਰੂ ਦੀ ਸਿੱਖਿਆ ਤੋਂ ਬਿਨਾ ਮਨੁੱਖ ਜਾਗ ਨਹੀਂ ਸਕਦਾ। ਇਸ ਲਈ ਜਗਤ ਵਿਚ ਸੁਚੱਜੇ ਢੰਗ ਨਾਲ ਜੀਵਨ ਬਤੀਤ ਕਰਨ ਲਈ ਸਾਨੂੰ ਵਰਤੋਂ ਵਿਚ 'ਚੁੱਪ' ਤੇ 'ਬੋਲਣ' ਦੋਹਾਂ ਦੀ ਜਾਚ ਸਿੱਖਣੀ ਹੋਵੇਗੀ। ਦੋਹਾਂ ਦੀ ਯੋਗ ਵਰਤੋਂ ਹੀ ਸਾਡੇ ਜੀਵਨ ਵਿਚ ਸੁੱਖ ਸ਼ਾਂਤੀ ਲਿਆ ਸਕਦੀ ਹੈ।

ਹੋਰ ਚੁੱਪ ਉਸਤਾਦ ਦਾ ਕੰਮ ਵੀ ਕਰਦੀ ਹੈ। ਜੇ ਕੋਈ ਝੂਠ ਬੋਲਣ ਦਾ ਆਦੀ ਬਣ ਚੁੱਕਾ ਹੈ ਤਾਂ ਇਸ ਤੋਂ ਪਿੱਛਾ ਛੁਡਾਉਣ ਲਈ ਉਸ ਨੂੰ ਚਾਹੀਦਾ ਹੈ ਕਿ ਉਹ ਗੱਲ ਕਰਨ ਵੇਲੇ ਕਾਹਲੀ ਨਾ ਕਰੇ, ਸਗੋਂ ਚੁੱਪ ਤੋਂ ਕੰਮ ਲਵੇ। ਇਸ ਤਰ੍ਹਾਂ ਉਸ ਨੂੰ ਚੁੱਪ ਰਹਿਣ ਵੇਲੇ ਆਪਣੇ ਝੂਠ ਦਾ ਗਿਆਨ ਹੋਣ ਲੱਗੇਗਾ ਤੇ ਹੌਲੀ-ਹੌਲੀ ਸੱਚ ਬੋਲਣ ਦਾ ਆਦੀ ਹੁੰਦਾ ਜਾਵੇਗਾ। ਕਿਸੇ ਉਰਦੂ ਦੇ ਕਵੀ ਨੇ ਚੁੱਪ ਬਾਰੇ ਬੜਾ ਸੁੰਦਰ ਕਿਹਾ ਹੈ:-

**ਕਹੇ ਏਕ, ਸੁਨ ਲੇ ਜਬ ਇਨਸਾਨ ਦੋ ।**
**ਕਿ ਹੱਕ ਨੇ ਜ਼ੁਬਾਂ ਏਕ ਦੀ, ਕਾਨ ਦੋ।**

ਅਰਥਾਤ, ਪ੍ਰਮਾਤਮਾ ਨੇ ਸਾਨੂੰ ਦੋ ਕੰਨ ਦਿੱਤੇ ਹਨ ਪਰ ਜੀਭ ਇਕ ਦਿੱਤੀ ਹੈ। ਇਸ ਤੋਂ ਸਾਨੂੰ ਯਾਦ ਕਰਵਾਇਆ ਜਾ ਰਿਹਾ ਹੈ ਕਿ ਐ ਜੀਵ ! ਤੈਨੂੰ ਦੋ ਗੱਲਾਂ ਸੁਣ ਕੇ, ਇਕ ਹੀ ਕਰਨੀ ਚਾਹੀਦੀ ਹੈ। ਹੋਰ ਚੁੱਪ ਰਹਿਣ ਦੇ ਬਹੁਤ ਲਾਭ ਹਨ। ਸੱਚ ਜਾਨਣਾ ਕਿ ਜਗਤ ਵਿਹਾਰ ਤੇ ਨੀਤੀ ਵਿਚ ਚੁੱਪ ਦਾ ਥਾਂ ਬੋਲਣ ਨਾਲੋਂ ਉੱਚਾ ਹੈ। ਹੋਰ ਜਦ ਤੱਕ ਕੋਈ ਚੁੱਪ ਹੈ,

ਉਸ ਦੇ ਗੁਣ ਔਗੁਣ ਦੋਵੇਂ ਲੁਕੇ ਰਹਿੰਦੇ ਹਨ। ਇਸ ਲਈ ਜੋ ਵਿਦਵਾਨ ਨਹੀਂ, ਚੰਗੀ ਗੱਲ ਨਹੀਂ ਕਰ ਸਕਦਾ, ਉਹ ਚੁੱਪ ਹੀ ਰਹੇ ਤਾਂ ਚੰਗਾ ਹੈ। ਹੋਰ ਬਹੁਤਾ ਬੋਲਣ ਨਾਲ ਬਹੁਤ ਵਾਰੀ ਗੜਬੜ ਹੀ ਹੁੰਦੀ ਹੈ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ :-

**ਬੋਲਤ ਬੋਲਤ ਬਢਹਿ ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥**

(ਅੰਗ-੮੭੦)

ਇਸ ਲਈ ਸਿਆਣਾ ਉਹੀ ਹੈ ਜੋ ਸੁਣਦਾ ਅਤੇ ਵਿਚਾਰਦਾ ਜ਼ਿਆਦਾ ਹੈ ਪਰ ਬੋਲਦਾ ਘੱਟ ਹੈ। ਜ਼ਰਾ ਸੋਚ ਕੇ ਵੇਖਣਾ ਕਿ ਜ਼ਿਆਦਾ ਬੋਲਣ ਨਾਲ ਅਸੀਂ ਬਹੁਤ ਕੁਝ ਗੁਆ ਰਹੇ ਹਾਂ, ਆਪਣੇ ਆਪ ਤੋਂ ਦੂਰ ਜਾ ਰਹੇ ਹਾਂ। ਜੋ ਆਦਮੀ ਬਹੁਤਾ ਬੋਲ ਰਿਹਾ ਹੈ ਤਾਂ ਸਮਝੋ ਕਿ ਉਹ ਰੱਬੀ ਗੁਣਾਂ ਤੋਂ ਖਾਲੀ ਹੈ। ਜਦੋਂ ਪ੍ਰਮਾਤਮਾ ਨਾਲ ਬੋਲਣਾ ਵੱਧਦਾ ਹੈ ਤਾਂ ਸੰਸਾਰ ਨਾਲੋਂ ਬੋਲਣਾ ਆਪੇ ਹੀ, ਦਿਨ ਪਰ ਦਿਨ ਘੱਟਦਾ ਜਾਂਦਾ ਹੈ। ਹੰਕਾਰੀ ਆਪਣੀ ਆਕੜ ਕਰ ਕੇ ਜ਼ਿਆਦਾ ਬੋਲਦਾ ਹੈ, ਪਰ ਨਿਮਰਤਾ ਵਾਲਾ ਪੁਰਸ਼ ਜ਼ਿਆਦਾ ਸੁਣਨ ਵਿਚ ਖੁਸ਼ ਰਹੇਗਾ।

ਸੰਸਾਰ ਵਿਚ ਸਾਡੇ ਸੰਬੰਧ ਬੋਲਣ ਨਾਲ ਜੁੜਦੇ ਹਨ। ਜਦ ਸਾਡੀ ਕਿਸੇ ਨਾਲ ਬੋਲ-ਚਾਲ ਨਹੀਂ ਤਾਂ ਸਮਝ ਲਵੋ ਕਿ ਸਾਡਾ ਉਨ੍ਹਾਂ ਨਾਲ ਰਿਸ਼ਤਾ ਟੁੱਟਾ ਹੋਇਆ ਹੈ। ਇਸ ਤਰ੍ਹਾਂ ਪ੍ਰਮਾਤਮਾ ਨਾਲ ਵੀ ਸੰਬੰਧ ਬੋਲਣ ਨਾਲ ਹੀ ਬਣਦੇ ਹਨ। ਕੀ ਬੋਲਣਾ ਹੈ ? ਗੁਰਬਾਣੀ ਦੱਸਦੀ ਹੈ :-

**ਅੰਮ੍ਰਿਤ ਵੇਲਾ ਸੱਚ ਨਾਉਂ ਵਡਿਆਈ ਵੀਚਾਰੁ ॥** (ਜਪੁ ਜੀ ਸਾਹਿਬ)

ਅੰਮ੍ਰਿਤ ਵੇਲਾ ਹੋਵੇ ਤੇ ਪ੍ਰਮਾਤਮਾ ਦਾ ਨਾਮ "ਵਾਹਿਗੁਰ", "ਵਾਹਿਗੁਰੂ" ਬੋਲੀ ਜਾਣਾ ਹੈ। ਜਦ ਕਿਸੇ ਨੂੰ ਅਸੀਂ ਮਿਲਦੇ ਹਾਂ ਤਾਂ ਪਹਿਲਾਂ ਦਰਸ਼ਨ ਹੁੰਦੇ ਹਨ ਤੇ ਬੋਲਣਾ ਫਿਰ ਆਰੰਭ ਹੁੰਦਾ ਹੈ, ਪਰ ਪ੍ਰਮਾਤਮਾ ਨਾਲ ਤਾਂ ਪਹਿਲਾਂ ਬੋਲਣਾ ਹੋਵੇਗਾ ਤੇ ਦਰਸ਼ਨ ਬਾਅਦ ਵਿਚ ਨਸੀਬ ਹੋਣਗੇ। ਬੋਲਣਾ ਇੱਕ ਕਲਾ ਹੈ ਜਿਵੇਂ ਬੋਲ ਕੇ ਸੰਸਾਰ ਨਾਲ ਸੰਬੰਧ ਜੁੜਦੇ ਹਨ ਇਸੇ ਤਰ੍ਹਾਂ ਬੋਲ ਕੇ ਹੀ ਪ੍ਰਮਾਤਮਾ ਨਾਲ ਸੰਬੰਧ ਜੁੜਦੇ ਹਨ।

ਬਹੁਤੀ ਵਾਰ ਰਸਨਾ ਨਾ ਹਿਲਦਿਆਂ ਵੀ ਅਸੀਂ ਆਪਣੇ ਆਪ ਨਾਲ ਗੱਲਾਂ ਕਰਦੇ ਰਹਿੰਦੇ ਹਾਂ। ਜੇਕਰ ਵੇਖੀਏ ਤਾਂ ਇਹ ਵੀ ਤਾਂ ਬੋਲਿਆ ਹੀ ਜਾ ਰਿਹਾ ਹੈ, ਗੱਲਾਂ ਹੀ ਹੋ ਰਹੀਆਂ ਹਨ। ਇਹ ਅੰਦਰਲਾ ਬੋਲਣਾ ਪ੍ਰਮਾਤਮਾ ਮਿਲਾਪ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਇਸ ਤੋਂ ਸਾਵਧਾਨ ਰਹੋ ।

ਹਰ ਸਮੇਂ ਆਪ ਹੀ ਨਾ ਬੋਲੀ ਜਾਵੋ। ਦੂਸਰਿਆਂ ਨੂੰ ਵੀ ਬੋਲਣ ਦਾ ਸਮਾਂ ਦੇਵੋ। ਦੂਸਰਿਆਂ ਦੇ ਬੋਲ ਸੁਣ ਕੇ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ, ਪਰ ਮੁਸ਼ਕਲ ਇਹ ਹੈ ਕਿ ਜਿਨ੍ਹਾਂ ਗੁਣਕਾਰੀ ਬੋਲਾਂ ਨੂੰ ਸੁਣ ਕੇ ਸਾਨੂੰ ਲਾਭ ਹੋ ਸਕਦਾ ਹੈ, ਉਹ ਅਸੀਂ ਸੁਣਦੇ ਹੀ ਨਹੀਂ।

ਅਸੀਂ ਕੇਵਲ ਉਹੋ ਹੀ ਬੋਲ ਸੁਣਦੇ ਹਾਂ ਜੋ ਅਸੀਂ ਸੁਣਨਾ ਚਾਹੁੰਦੇ ਹਾਂ।

ਜਗਤ ਵਿਚ ਸਿਆਣਾ ਪੁਰਸ਼ ਉਹੀ ਹੀ ਹੈ ਜੋ ਆਪਣੇ ਅਯੋਗ ਤੇ ਭੈੜੇ ਬੋਲੇ ਬੋਲਾਂ ਤੋਂ ਉਪਜੇ ਦੁੱਖਾਂ ਨੂੰ ਅਨੁਭਵ ਕਰਕੇ 'ਸੰਜਮ ਦਾ ਬੋਲਣਾ' ਤੇ 'ਚੁੱਪ ਰਹਿਣ ਦੇ ਸਮੇਂ ਦੀ ਸਿਆਣਪ' ਸਿੱਖ ਜਾਂਦਾ ਹੈ? ਅਸੀਂ ਜੰਗਲਾਂ ਵਿਚ ਵੱਸਦੀ ਤੇ ਕਦੇ ਕਦੇ ਬਾਗਾਂ ਵਿਚ ਬੋਲਣ ਵਾਲੀ ਕੋਇਲ ਦੀ ਮਿੱਠੀ ਆਵਾਜ਼ ਸੁਣ ਕੇ ਖੁੱਸ਼ ਹੁੰਦੇ ਹਾਂ ਪਰ ਦੂਸਰੇ ਪਾਸੇ ਸਾਰਾ ਦਿਨ ਕਾਂ ਦੀ ਬੋਲੀ 'ਕਾਂ' 'ਕਾਂ' ਸੁਣ ਕੇ ਉਸ ਲਈ ਨਫ਼ਰਤ ਪੈਦਾ ਕਰਦੀ ਹੈ। ਐਸੇ ਬੋਲਣ ਨਾਲੋਂ ਚੰਗਾ ਹੈ ਕਿ ਅਸੀਂ ਚੁੱਪ ਹੀ ਰਹੀਏ। ਜਿਵੇਂ ਗੁਰੂ ਸਾਹਿਬ ਨਸੀਹਤ ਕਰਦੇ ਹਨ :-

**ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥**
**ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥** (ਅੰਗ-੧੨੮੮)

ਕ੍ਰੋਧੀ ਬਹੁਤ ਭਉਂਕਦਾ ਅਤੇ ਤਬਾਹ ਹੁੰਦਾ ਹੈ। ਅੰਨਾ ਵਿਅਰਥ ਕੰਮਾਂ ਵਿੱਚ ਮੱਥਾ ਮਾਰਦਾ ਹੈ। ਹੇ ਨਾਨਕ ! ਖਾਮੋਸ਼ ਰਹਿਣਾ ਹੀ ਚੰਗਾ ਹੈ।

ਗੱਲ ਕੀ, ਕਿ ਚੁੱਪ ਵਿੱਚ ਬਹੁਤ ਤਾਕਤ ਹੈ। ਹੋ ਸਕੇ ਤਾਂ ਇਸ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਵੇਖੋ । ਲਾਜਮੀ ਆਪ ਨੂੰ ਬਹੁਤ ਸ਼ਾਂਤੀ ਮਹਿਸੂਸ ਹੋਵੇਗੀ। ਸਿਆਣਿਆਂ ਤਦੇ ਐਵੇ ਤਾਂ ਨਹੀਂ ਕਹਿਆ :-

ਇੱਕ ਚੁੱਪ ਤੇ ਸੌ ਸੁੱਖ।

## ਪਾਠਕਾਂ ਪ੍ਰਤੀ ਬੇਨਤੀ

**ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਲੋਂ ਪਿਛਲੇ ੪੦ ਸਾਲਾਂ ਤੋਂ ਪਰਚਾ 'ਗੁਰਬਾਣੀ ਚਾਨਣੁ' ਪੰਜਾਬੀ ਵਿੱਚ ਛਾਪ ਕੇ ਹਰ ਮਹੀਨੇ ਸੰਗਤਾਂ ਪਾਸ ਪਹੁੰਚਾਇਆ ਜਾਂਦਾ ਹੈ।**

**ਇਹ 'ਗੁਰੂ ਸ਼ਬਦ ਦੇ ਲੰਗਰ' ਦੇ ਆਧਾਰ ਤੇ ਸੰਗਤਾਂ ਦੀ ਸੇਵਾ ਵਿੱਚ ਪੇਸ਼ ਕੀਤਾ ਜਾਂਦਾ ਹੈ। ਪਾਠਕ ਜਨ ਜਾਣਦੇ ਹਨ ਕਿ ਇਹ ਨਿਰੋਲ ਗੁਰਬਾਣੀ ਦਾ ਪਰਚਾ ਹੈ।**

**ਪਿਛਲੇ ਕੁਝ ਸਮੇਂ ਵਿੱਚ ਕਾਗਜ ਦੀਆਂ ਕੀਮਤਾਂ ਅਤੇ ਛਪਾਈ ਦੇ ਖਰਚੇ ਵਿੱਚ ਭਾਰੀ ਵਾਧਾ ਹੋਇਆ ਹੈ ਸੋ ਪਾਠਕ ਜਨਾਂ ਨੂੰ ਬੇਨਤੀ ਹੈ ਕਿ ਅਜੇਹੇ ਕਾਰਜ ਨੂੰ ਨਿਰੰਤਰ ਚਾਲੂ ਰੱਖਣ ਲਈ ਤਨ, ਮਨ, ਧਨ ਤੋਂ ਸਹਿਯੋਗ ਦੇਈਏ ਜੀ। ਹਰ ਮਹੀਨੇ ਨਹੀਂ ਤਾਂ ਘੱਟੋ ਘੱਟ ਦੂਜੇ-ਤੀਜੇ ਮਹੀਨੇ ਕੁਝ ਨਾ ਕੁਝ ਅਪਣੇ ਦਸਵੰਧ ਵਿਚੋਂ ਯੋਗ ਰਾਸ਼ੀ ਕੱਢ ਕੇ ਇਸ ਗੁਰੂ-ਕਾਰਜ ਵਿੱਚ ਭੇਜੀਏ।**

**ਧੰਨਵਾਦ ਸਹਿਤ, ਸੰਪਾਦਕ**

# ਪ੍ਰੇਮਾ ਭਗਤੀ

## (ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਆਧਾਰਿਤ

-ਸ.ਪਰਮਜੀਤ ਸਿੰਘ

ਭਗਤ ਰਵਿਦਾਸ ਜੀ ਦਾ ਫੁਰਮਾਨ ਹੈ :

**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥**

(ਅੰਗ-੬੯੪)

ਇਸ ਤੁਕ ਰਾਹੀਂ ਭਗਤ ਜੀ ਸਾਨੂੰ ਸਮਝਾ ਰਹੇ ਹਨ ਕਿ ਸਾਧ ਸੰਗਤ ਕੀਤੇ ਬਿਨ੍ਹਾਂ ਪਰਮਾਤਮਾ ਦਾ ਪਿਆਰ ਪੈਦਾ ਨਹੀਂ ਹੁੰਦਾ ਅਤੇ ਪਰਮਾਤਮਾ ਦੇ ਪਿਆਰ ਤੋਂ ਖਾਲੀ ਹਿਰਦਾ ਭਗਤੀ ਵੀ ਨਹੀਂ ਕਰ ਸਕਦਾ। ਸਾਧ ਸੰਗਤ ਇੱਕ ਪਉੜੀ ਹੈ ਜਿਸ ਰਾਹੀਂ ਪਰਮਾਤਮਾ ਦੇ ਪਿਆਰ ਦੇ ਦਰ ਤਕ ਪੁੱਜ ਸਕੀਦਾ ਹੈ। ਅਸੀਂ ਸਾਧ ਸੰਗਤ (ਗੁਰਮੁੱਖਾਂ, ਰੱਬ ਦੇ ਪਿਆਰਿਆਂ ਦੀ ਸੰਗਤ) ਤਾਂ ਕਰਦੇ ਨਹੀਂ ਪਰ ਆਖ ਦਿੰਦੇ ਹਾਂ ਕਿ ਸਾਡਾ ਰੱਬ ਨਾਲ ਬੜਾ ਪਿਆਰ ਹੈ। ਅਸਲ ਵਿੱਚ ਸਾਨੂੰ ਪਿਆਰ ਦੀ ਪਰਿਭਾਸ਼ਾ ਵੀ ਨਹੀਂ ਪਤਾ। ਦੁਨਿਆਵੀ ਮੰਗਾਂ ਦੀ ਖਾਤਰ ਬਾਹਰੀ ਦਿਖਾਵੇ ਵਜੋਂ ਜ਼ਰੂਰ ਰੱਬ ਨਾਲ ਪਿਆਰ ਦਾ ਪ੍ਰਗਟਾਵਾ ਕਰਦੇ ਹਾਂ। ਭਾਈ ਗੁਰਦਾਸ ਜੀ ਨੇ ਆਪਣੀ ਦੂਜੀ ਵਾਰ ਦੀ ਸਤਾਰਵੀਂ ਪਉੜੀ ਰਾਹੀਂ ਪਿਆਰ ਦੀ ਪਰਿਭਾਸ਼ਾ ਦਾ ਬੜਾ ਸੰਦਰ ਸ਼ਾਬਦਿਕ ਚਿੱਤਰ ਪੇਸ਼ ਕੀਤਾ ਹੈ।

**ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ । ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ । ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ । ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ । ਨਾਰਿ ਭਤਾਰ ਪਿਆਰੁ ਹੈ ਮਾਂ ਪੁਤੁ ਮਿਲੰਦਾ । ਆਪੇ ਆਪਿ ਵਰੱਤਦਾ ਗੁਰਮੁਖਿ ਪਰਚੰਦਾ ।੧੭।**

ਭੰਵਰੇ ਨੂੰ ਦੀਵੇ ਨਾਲ ਪਿਆਰ ਹੈ ਤੇ ਪਿਆਰ ਵਿੱਚ ਹੀ ਮੱਛੀ ਪਾਣੀ ਵਿੱਚ ਤਰਦੀ ਹੈ। ਮਿਰਗ (ਘੰਡੇ ਹੇੜੇ ਦੇ) ਸ਼ਬਦ ਦੇ ਪ੍ਰੇਮ ਕਰਕੇ ਅਸਚਰਜ ਹੈ। ਭੌਰਾ ਪ੍ਰੇਮ ਕਰਕੇ ਫੁੱਲਾਂ ਤੇ ਵਸਦਾ ਹੈ। ਚਕੋਰ ਦੀ ਚੰਦ ਨਾਲ ਪ੍ਰੀਤ ਹੈ ਤੇ ਉਸ ਨੂੰ ਵੇਖ ਕੇ ਉਸ ਦਾ ਧਿਆਨ ਧਰਦਾ ਹੈ। ਚਕਵੀ ਨੂੰ ਸੂਰਜ ਨਾਲ ਪਿਆਰ ਹੈ ਕਿਉਂਕਿ ਚਕਵੀ ਦਾ ਚਕਵੇ ਨਾਲ ਸੂਰਜ ਚੜ੍ਹਨ ਕਰਕੇ ਸੰਜੋਗ ਬਣਦਾ ਹੈ। ਇਸਤ੍ਰੀ ਦਾ ਪਤੀ ਨਾਲ ਪਿਆਰ ਹੈ ਤੇ ਪੁੱਤਰ ਪਿਆਰ ਵੱਸ ਹੋ ਕੇ ਮਾਂ ਨੂੰ ਮਿਲਦਾ ਹੈ। ਗੁਰਮੁਖ ਪਰਮਾਤਮਾ ਨੂੰ ਆਪਣੇ ਆਪ ਵਰਤਦਾ ਜਾਣ ਕੇ ਐਸੇ ਪ੍ਰੇਮ ਵਿੱਚ ਪਰਚਦੇ ਹਨ।

ਇਥੇ ਭਾਈ ਸਾਹਿਬ ਜੀ ਸਾਨੂੰ ਸਮਝਾ ਰਹੇ ਹਨ ਕਿ ਜਿਸ ਤਰ੍ਹਾਂ ਇਨ੍ਹਾਂ ਜੰਤੂਆਂ ਦਾ ਆਪੋ ਆਪਣੇ ਪ੍ਰੀਤਮ ਨਾਲ ਪ੍ਰੇਮ ਹੈ, ਇਸੇ ਤਰ੍ਹਾਂ ਗੁਰਮੁੱਖਾਂ ਦਾ ਉਸ ਆਪੇ ਆਪ ਵਰਤਣ

ਵਾਲੇ ਵਾਹਿਗੁਰੂ ਨਾਲ ਪ੍ਰੇਮ ਹੈ।

ਜਿਸ ਨੇ ਇਸ ਪ੍ਰੇਮ ਦਾ ਪਿਆਲਾ ਪੀ ਲਿਆ ਫਿਰ ਉਹ ਇਸ ਭਵਜਲ ਸੰਸਾਰ ਦੀ ਭਟਕਣਾ ਵਿੱਚ ਗੋਤੇ ਨਹੀਂ ਖਾਂਦਾ। ਗੁਰਸਿੱਖੀ ਪ੍ਰੇਮ ਤੇ ਹੀ ਖੜ੍ਹੀ ਹੈ, ਪ੍ਰੇਮ ਤੋਂ ਖਾਲੀ ਮਨੁੱਖ ਗੁਰਸਿੱਖੀ ਦੀ ਕਮਾਈ ਨਹੀਂ ਕਰ ਸਕਦਾ। ਭਾਈ ਗੁਰਦਾਸ ਜੀ ਦੇ ਬਚਨ ਹਨ :

**ਵਾਲਹੁ ਨਿਕੀ ਆਖੀਐ ਗੁਰ ਸਿਖੀ ਸੁਣਿ ਗੁਰਸਿਖ ਪਾਲੈ ।**

**ਗੁਰਸਿਖੁ ਲੰਘੈ ਪਿਰਮ ਪਿਆਲੈ ।੧੮।** (ਵਾਰ ੪, ਪਉੜੀ ੧੮)

ਵਾਲ ਤੋਂ ਨਿੱਕੀ ਗੁਰਸਿੱਖੀ ਆਖੀ ਜਾਂਦੀ ਹੈ, ਇਸ ਦੀ ਪ੍ਰਾਪਤੀ ਲਈ ਗੁਰ ਸਿੱਖਿਆ ਨੂੰ ਸੁਣ ਕੇ ਕਮਾਉਣਾ ਪੈਂਦਾ ਹੈ ਅਤੇ ਪ੍ਰੇਮ ਦੇ ਪਿਆਲੇ ਕਰਕੇ ਸੰਸਾਰ ਸਮੁੰਦਰ ਤੋਂ ਗੁਰੂ ਦੇ ਸਿੱਖ ਲੰਘ ਜਾਂਦੇ ਹਨ। ਅਰਥਾਤ ਸਾਧ ਸੰਗਤ ਦੀ ਸੇਵਾ ਕਰਨ ਨਾਲ ਮਨ ਉਜਲ ਹੁੰਦਾ ਹੈ ਤੇ ਫਿਰ ਪ੍ਰੇਮ ਨਾਲ ਸਿੱਖੀ ਦੀ ਪਾਲਣਾ ਕਰੀਦੀ ਹੈ।

ਜਿਸ ਜੀਵ ਨੇ ਵਾਹਿਗੁਰੂ ਜੀ ਦੇ ਪ੍ਰੇਮ ਦਾ ਪਿਆਲਾ ਪੀਤਾ ਹੈ ਉਸ ਦੇ ਲੱਛਣ ਬਿਆਨ ਕਰਦੇ ਹੋਏ ਭਾਈ ਸਾਹਿਬ ਫੁਰਮਾਂਦੇ ਹਨ :

**ਦਰਸਨ ਦਿਸਟਿ ਸੰਜੋਗੁ ਹੈ ਭੈ ਭਾਇ ਸੰਜੋਗੀ । ਸਬਦ ਸੁਰਤਿ ਬੈਰਾਗੁ ਹੈ ਸੁਖ ਸਹਜ ਅਰੋਗੀ । ਮਨ ਬਚ ਕਰਮ ਨ ਭਰਮੁ ਹੈ ਜੋਗੀਸਰੁ ਜੋਗੀ । ਪਿਰਮ ਪਿਆਲਾ ਪੀਵਣਾ ਅੰਮ੍ਰਿਤ ਰਸ ਭੋਗੀ । ਗਿਆਨੁ ਧਿਆਨੁ ਸਿਮਰਣੁ ਮਿਲੈ ਪੀ ਅਪਿਓ ਅਸੋਗੀ ।੩।**

ਜਿਸ ਦੀ ਨਜ਼ਰ ਵਿੱਚ ਦਰਸ਼ਨ ਦਾ ਮੇਲ ਹੈ, ਜੋ ਭਾਉ ਤੇ ਭਗਤ ਦਾ ਮੇਲੀ ਹੈ। ਜਿਸ ਦੀ ਸੁਰਤ ਸ਼ਬਦ ਦੀ ਵੈਰਾਗਵਾਨ ਪ੍ਰੇਮਣ ਹੈ, ਉਹ ਆਤਮ ਸੁੱਖ ਕਰਕੇ ਸਦਾ ਅਰੋਗੀ ਹੈ। ਜਿਸ ਨੂੰ ਮਨ ਬਾਣੀ ਸਰੀਰ ਕਰਕੇ ਕੋਈ ਭਰਮ ਨਹੀਂ, ਉਹੀ ਜੋਗੀਆਂ ਦੇ ਈਸ਼ਰ ਅਰਥਾਤ ਵਾਹਿਗੁਰੂ ਨਾਲ ਜੁੜਿਆ ਹੈ ਅਤੇ ਉਹੀ ਪ੍ਰੇਮ ਪਿਆਲਾ ਪੀਂਦਾ ਹੈ ਤੇ ਬ੍ਰਹਮਾ ਨੰਦ ਰੂਪ ਅੰਮ੍ਰਿਤ ਰਸ ਨੂੰ ਭੋਗਦਾ ਹੈ। ਕਿਉਂਕਿ ਉਸ ਦੀ ਬੁੱਧੀ ਵਿੱਚ ਗਿਆਨ, ਮਨ ਵਿੱਚ ਧਿਆਨ, ਬਾਣੀ ਵਿੱਚ ਸਿਮਰਨ ਮਿਲਿਆ ਹੋਇਆ ਹੈ, ਉਹ ਪ੍ਰੇਮ ਰੂਪ ਅੰਮ੍ਰਿਤ ਦਾ ਪਿਆਲਾ ਪੀ ਕੇ ਸੰਸਾਰਕ ਸੋਗਾਂ ਤੋਂ ਅਸੋਗੀ ਹੋ ਚੁੱਕਾ ਹੈ, ਅਰਥਾਤ ਪ੍ਰੇਮ ਹੀ ਸਾਰੇ ਸੁੱਖਾਂ ਦੀ ਖਾਨ ਹੈ ਤੇ ਸੋਗਾਂ ਤੋਂ ਅਸੋਗ ਕਰਨ ਵਾਲਾ ਹੈ।

ਇਸ ਤੋਂ ਅਗਲੀ ਪਉੜੀ ਵਿੱਚ ਭਾਈ ਸਾਹਿਬ ਨੇ ਤੱਤ ਕੱਢ ਕੇ ਦਰਸਾਇਆ ਹੈ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵੇਦ ਪੁਰਾਨ ਵਿਚਾਰਦੇ ਹਨ। ਮੁਸਲਮਾਨੀ ਦੀਨ ਵਾਲੇ ਚਾਰ ਕਤੇਬਾਂ ਨੂੰ ਹੀ ਵਖਾਣਦੇ ਹਨ। ਸ਼ੇਖ ਨਾਗ ਪਰਮਾਤਮਾ ਦੇ ਅਨੇਕਾਂ ਨਾਵਾਂ ਨੂੰ ਲੈ ਕੇ ਸਿਮਰਨ ਕਰਦਾ ਹੈ, ਨਾਰਦ ਮੁਨੀ ਸੁਹਾਵਣੇ ਰਾਗਾਂ ਵਿੱਚ ਹੀ ਅਨੰਦਿਤ ਹੁੰਦਾ ਹੈ। ਅਸੰਖ ਜੋਗੀ ਅਨਹਦ ਨਾਦ ਸੁਣ ਕੇ ਅਸਚਰਜ ਹੁੰਦੇ ਹਨ ਪਰ ਇਨ੍ਹਾਂ ਸਾਰਿਆਂ ਨੇ ਪ੍ਰੇਮ ਦਾ ਰਸ ਨਹੀਂ

ਮਾਨਿਆ। ਸਿੱਟਾ ਕੱਢ ਕੇ ਹੋਏ ਭਾਈ ਸਾਹਿਬ ਆਖਦੇ ਹਨ ਕਿ ਜਿਸ ਦੀ ਕਥਾ ਬੇਅੰਤ ਬੇਅੰਤ ਕਰਦੇ ਵੀ ਅਕੱਥ ਕਹੀ ਜਾਂਦੀ ਹੈ, ਉਹ ਜਿਸ ਨੂੰ ਆਪਣੇ ਭਾਣੇ ਵਿੱਚ ਪ੍ਰੇਮ ਦਾ ਪਿਆਲਾ ਪਿਆਵੇ, ਉਹ ਹੀ ਉਸਦੇ ਸੁੱਖ ਫਲ ਨੂੰ ਮਾਣਦਾ ਹੈ।

**ਗੁਰਮੁਖਿ ਸੁਖ ਫਲੁ ਪਿਰਮ ਰਸੁ ਕਿਉ ਆਖਿ ਵਖਾਣੈ। ਸੁਣਿ ਸੁਣਿ ਆਖਣੁ ਆਖਣਾ ਓਹੁ ਸਾਉ ਨ ਜਾਣੈ। ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੈ। ਚਾਰਿ ਕਤੇਬਾਂ ਆਖੀਅਨਿ ਦੀਨ ਮੁਸਲਮਾਣੈ। ਸੇਖਨਾਗੁ ਸਿਮਰਣੁ ਕਰੈ ਸਾਂਗੀਤ ਸੁਹਾਣੈ। ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ। ਅਕਥ ਕਥਾ ਕਰਿ ਨੇਤਿ ਨੇਤਿ ਪੀਲਾਏ ਭਾਣੈ।੧।** (ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੪)

ਅੰਤ ਵਿੱਚ ਅਸੀਂ ਗੁਰੂ ਅਮਰਦਾਸ ਜੀ ਦੇ ਮਾਰੂ ਰਾਗ ਦੇ ਅਸਟਪਦੀ ਅਧੀਨ ਸ਼ਬਦ ਰਾਹੀਂ ਇਸ ਲੇਖ ਨੂੰ ਸੰਕੋਚਦੇ ਹਾਂ :

**ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥**
**ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥**
**ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥**
**ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥** (ਅੰਗ-੧੦੧੬)

-0-0-0-

## (ਪੰਨਾ 18 ਦਾ ਬਾਕੀ) ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚ ਮਾਇਆ ਦਾ ਵਿਚਾਰ

**ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥**
**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥** (ਅੰਗ ੮੭)

ਤੀਜੇ ਪਾਤਸ਼ਾਹ ਜਗਿਆਸੂਆਂ ਨੂੰ ਸਮਝਾਉਂਦੇ ਹਨ ਕਿ ਮਾਇਆ ਦਾ ਮੋਹ ਜੀਵ ਲਈ ਦੁੱਖਾਂ ਦਾ ਮੂਲ ਸੋਮਾ, ਮਾਨੋ ਦੁੱਖਾਂ ਦਾ ਸਾਗਰ ਹੈ। ਜੋ ਜੀਵ ਲਈ ਆਤਮਿਕ ਮੌਤ ਦਾ ਕਾਰਨ ਬਣਦਾ ਹੈ। ਮਨਮੁੱਖ ਜੀਵ ਕੋਲੋਂ ਇਸ ਦੁੱਖਾਂ ਦੇ ਸਾਗਰ ਵਿੱਚੋਂ ਬਾਹਰ ਨਿਕਲਿਆ ਨਹੀਂ ਜਾਂਦਾ। ਮਾਇਆ ਵੱਸ, ਜੀਵ ਹਉਮੈ ਵਿੱਚ ਫਸ ਕੇ, ਆਤਮਿਕ ਮੌਤ ਸਹੇੜਦੇ ਹਨ। ਨਾਸ਼ਵਾਨ ਮੈ-ਮੇਰੀ ਵਿੱਚ ਸਾਰੀ ਜ਼ਿੰਦਗੀ ਬਰਬਾਦ ਕਰਕੇ ਸੰਸਾਰ ਤੋਂ ਕੂਚ ਕਰਦੇ ਹਨ। ਵਿਕਾਰੀ ਮਨ ਦੀ ਚਾਕਰੀ ਕਰਦੇ ਕਰਦੇ ਮਨਮੁੱਖ, ਮਾਇਆਵੀ ਤ੍ਰਿਸ਼ਨਾ ਦੀ ਅੱਗ ਵਿੱਚ, ਮਾਇਆ ਦੀ ਪ੍ਰਾਪਤੀ (ਤ੍ਰਿਪਤੀ) ਦਾ ਅੰਤ ਨਾ ਪਾ ਕੇ, ਅਧਵਾਟੇ ਹੀ ਫਸੇ (ਦੁੱਖ ਪਾਉਂਦੇ) ਰਹਿੰਦੇ ਹਨ। ਪਿਛਲੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਦੁੱਖ ਸੁੱਖ ਭੋਗਦੇ ਜਨਮ ਮਰਨ ਦੇ

ਗੇੜੇ ਵਿੱਚ ਪਏ ਰਹਿੰਦੇ ਹਨ।

**ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥**
**ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥** (ਅੰਗ ੧੪੧੭)

ਗੁਰੂ ਸਾਹਿਬ ਸੋਝੀ ਬਖਸ਼ਦੇ ਹਨ ਕਿ ਜਿਨ੍ਹਾਂ ਭਾਗਾਂ ਵਾਲੇ ਜੀਵਾਂ ਨੂੰ ਪੂਰੇ ਗੁਰੂ ਦੀ ਬਖਸ਼ਿਸ਼ ਦੁਆਰਾ ਸੱਚ ਦਾ ਗਿਆਨ ਮਿਲ ਜਾਂਦਾ ਹੈ, ਉਹ ਮਾਇਆ ਦੇ ਵਿੱਚ ਵਿਚਰਦਾ ਹੋਇਆ ਵੀ ਪ੍ਰਭੂ ਪਿਤਾ ਨਾਲ ਨੇੜਤਾ ਬਣਾਈ ਰੱਖਦਾ ਹੈ। ਇਸ ਤਰ੍ਹਾਂ ਜ਼ਿੰਦਗੀ ਸਾਰਥਕ ਕਰ ਲੈਂਦਾ ਹੈ।

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥**

**ਅਨੰਦ ਸਾਹਿਬ ਬਾਣੀ ਵਿੱਚ ਮਾਇਆ ਤੋਂ ਨਿਰਲੇਪ ਰਹਿਣ ਦੀ ਜੁਗਤ :**

(੧) **ਗੁਰਬਾਣੀ ਪੜ੍ਹੀਏ** : ਗੁਰੂ ਸਾਹਿਬ ਫੁਰਮਾਉਂਦੇ ਹਨ, ਹੇ ਸੰਤ ਜਨੋ ! ਗੁਰੂ ਦੇ ਸ਼ਬਦ ਨਾਲ ਪਿਆਰ ਕਮਾਵੋ। ਸਦਾ ਕਾਇਮ ਰਹਿਣ ਵਾਲਾ ਪ੍ਰਭੂ ਦਾ ਨਾਮ ਜ਼ਿੰਦਗੀ ਦਾ ਆਸਰਾ ਬਣਾਵੋ। ਅਗਰ ਸੱਚਾ ਨਾਮ ਹਿਰਦੇ ਵਿੱਚ ਵੱਸ ਜਾਵੇ ਤਾਂ ਸਭ ਮਾਇਆਵੀ ਤ੍ਰਿਸ਼ਨਾ ਸਮਾਪਤ ਹੋ ਕੇ, ਪ੍ਰਭੂ ਹਿਰਦੇ ਵਿੱਚ ਵੱਸ ਜਾਂਦਾ ਹੈ ਅਤੇ ਸੁੱਖਾਂ ਦਾ ਅਨੰਦ ਪ੍ਰਾਪਤ ਹੋ ਜਾਂਦਾ ਹੈ :

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥** (ਅੰਗ ੯੨੦)

**(੨) ਆਪਾ ਸੋਧੀਏ :**

ਹੇਠਾਂ ਲਿਖੀਆਂ ਤਿੰਨ ਪਉੜੀਆਂ ਰਾਹੀ ਗੁਰੂ ਅਮਰਦਾਸ ਜੀ ਸਾਨੂੰ ਸਰੀਰਕ ਮੋਹ ਮਾਇਆ ਤੋਂ ਬਚਣ ਲਈ ਉਪਾਉ ਦੱਸ ਰਹੇ ਹਨ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥ ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥ ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥ ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥ ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥** (ਅੰਗ-੯੨੨)

ਗੁਰੂ ਸਾਹਿਬ ਅਨੰਦ ਸਾਹਿਬ ਬਾਣੀ ਵਿੱਚ ਜਗਿਆਸੂਆਂ ਨੂੰ ਸੋਝੀ ਦੇਣ ਵਾਸਤੇ ਸਰੀਰ ਨੂੰ, ਸਰੀਰ ਦੇ ਗਿਆਨ ਇੰਦਰਿਆਂ ਨੂੰ ਭਾਵ ਜਿਹਬਾ, ਅੱਖਾਂ ਅਤੇ ਕੰਨਾਂ ਨੂੰ

ਸੰਬੋਧਨ ਕਰਕੇ ਸਮਝਾਉਣਾ ਕਰਦੇ ਹਨ ਕਿ ਜਿਸ ਪ੍ਰਭੂ ਨੇ ਤੈਨੂੰ ਬਣਾ ਕੇ ਸੰਸਾਰ ਦੇ ਸੁਖ ਭੋਗਦੇ ਹੋਏ, ਪ੍ਰਭੂ ਮਿਲਾਪ ਦਾ ਸੁਨਹਿਰਾ ਮੌਕਾ ਦਿੱਤਾ ਹੈ, ਉਸ ਨੂੰ ਤੂੰ, ਨਾਸ਼ੁਕਰਾ ਹੋ ਕੇ, ਇਸ ਮਾਇਆਵੀ ਸੰਸਾਰ ਵਿੱਚ ਆ ਕੇ ਵਿਸਾਰ ਦਿੱਤਾ ਹੈ। ਜਿਸ ਪਰਮਾਤਮਾ ਨੇ ਤੈਨੂੰ ਸਰੀਰ ਦਿੱਤਾ ਹੈ ਉਸ ਨੂੰ ਤੂੰ ਹਿਰਦੇ ਵਿੱਚ ਸੰਜੋਅ ਕੇ ਨਹੀ ਰੱਖਿਆ। ਜੋ ਪ੍ਰਾਣੀ, ਪੂਰਬਲੇ ਸੰਜੋਗਾਂ ਦੀ ਪਾਤ੍ਰਤਾ ਅਤੇ ਗੁਰੂ ਬਖਸ਼ਿਸ਼ ਸਦਕਾ, ਪ੍ਰਭੂ ਨੂੰ ਹਿਰਦੇ ਵਿੱਚ ਵਸਾ ਕੇ ਰੱਖਦਾ ਹੈ ਉਸ ਦਾ ਮਨੁੱਖਾ ਜਨਮ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦਾ ਹੈ।ਗੁਰ ਸ਼ਬਦ ਦੁਆਰਾ ਸਰੀਰ ਨੂੰ ਸਾਰਥਕ ਕਰਨ ਦਾ ਆਹਰ :

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥**

(ਅੰਗ-੯੨੨)

ਏ ਮੇਰੀ ਅੱਖੀਓ ! ਇਹ ਜੋ ਸੰਸਾਰ ਤੁਸੀਂ ਦੇਖਦੀਆਂ ਹੋ ਇਹ ਇੱਕ ਅਕਾਲ ਪੁਰਖ ਦਾ ਹੀ ਰਚਿਆ ਹੈ ਸੋ ਉਸ ਦਾ ਹੀ ਰੂਪ ਹੈ। ਤੁਸੀਂ ਕੇਵਲ ਉਸ ਨੂੰ ਹੀ ਇਸ ਵਿੱਚ ਵੇਖੋ ਕਿਉਂਕਿ ਉਸ ਦੀ ਬਖ਼ਸ਼ੀ ਜੋਤ ਦੇ ਕਾਰਨ ਤੁਸੀਂ ਵੇਖਣ ਜੋਗੀਆਂ ਹੋ। ਕਿਸੇ ਹੋਰ (ਮਾਇਆ ਛਲਾਵੇ) ਦੀ ਉਸ ਤੋਂ ਬਿਨਾ ਸੰਸਾਰ ਵਿੱਚ ਕੋਈ ਹਸਤੀ ਬਰਾਬਰ ਨਹੀਂ ਹੈ। ਇਸ ਕਾਰਣ ਉਸ ਨੂੰ ਵੇਖ ਕੇ ਅਨੰਦਿਤ ਹੋਣਾ ਹੀ ਸੋਭਦਾ ਹੈ। ਇਹ ਜੋ ਅੱਖਾਂ ਹਨ ਇਹ ਇੱਕ ਪਰਮਾਤਮਾ ਦੀ (ਅਨੰਤ) ਸਚਾਈ ਦੇਖਣ ਦੇ ਸਮਰੱਥ (ਦਿਬ-ਦ੍ਰਿਸਟਿ) ਤਾਂ ਹੀ ਹੋ ਸਕਦੀਆਂ ਹਨ ਜੇ ਪੂਰਨ ਸਤਿਗੁਰ ਦੀ ਸਿੱਖਿਆ ਕਮਾਈਏ।

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥ ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥ ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥ ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥**(ਅੰਗ-੯੨੨)

ਹੇ ਮੇਰੇ ਕੰਨੋਂ ! ਪਰਮਾਤਮਾ ਦੀ ਸਿਫਤ ਸਲਾਹ ਦੀ ਬਾਣੀ ਸੁਣਿਆ ਕਰੋ ਕਿਉਂਕਿ ਇਹ ਪ੍ਰਭੂ ਨੇ ਇਸ ਲਈ ਬਣਾਏ ਹਨ ਤਾਂ ਕਿ ਇਹ ਸਰੀਰ (ਮਨ/ਆਤਮਾ) ਸੱਚਾ ਨਾਮ/ਪ੍ਰਭੂ ਦੀ ਸਿਫਤ-ਸਲਾਹ ਸੁਣ ਸਕੇ। ਐਸਾ ਕਰਨ ਨਾਲ ਮਨ ਤੇ ਤਨ ਤਰੋ-ਤਾਜ਼ਾ ਹੁੰਦੇ ਹਨ। ਜੀਭ (ਅਨੰਦਿਤ ਕਰਨ ਵਾਲੇ) ਰਸ ਨਾਲ ਭਰਪੂਰ ਹੁੰਦੀ ਹੈ। ਉਹ ਪ੍ਰਭੂ ਤਾਂ, ਨਾ ਲਖਿਆ ਜਾ ਸਕਣ ਵਾਲਾ, ਅਸਚਰਜ ਹੈ, ਜਿਸ ਬਾਰੇ ਅਸੀਂ ਪੂਰਨ ਤੌਰ ਤੇ ਕਹਿਣਯੋਗ

ਹੀ ਨਹੀਂ ਹਾਂ। ਪ੍ਰਭੂ ਦਾ ਪਵਿੱਤਰ ਨਾਮ ਸੁਣ ਕੇ ਵਿਕਾਰਾਂ ਦੀ ਜਨਮ ਜਨਮਾਂਤਰਾਂ ਦੀ ਮੈਲ ਉਤਾਰ ਲਵੋ ਕਿਉਂਕਿ ਤੁਸੀਂ ਬਣੇ ਹੀ ਇਸ ਕਰਮ ਲਈ ਹੋ।

(੪) **ਮਨ ਨੂੰ ਸਮਝਾਉਣਾ** ਕਰ ਕੇ, ਗੁਰਸਿੱਖਾਂ ਨੂੰ ਜੋਦੜੀਆਂ ਕਰਨ ਦੀ ਜੁਗਤ ਸਮਝਾਉਂਦੇ ਹੋਏ ਫ਼ੁਰਮਾਉਂਦੇ ਹਨ। ਐ ਮੇਰੇ ਮਨ ! ਤੂੰ ਹਰ ਵੇਲੇ ਪ੍ਰਭੂ ਪਿਤਾ ਨਾਲ ਲਿਵ ਲਾ ਕੇ, ਉਸ ਨੂੰ ਹਿਰਦੇ ਵਿੱਚ ਵਸਾ। ਬਖਸ਼ਿੰਦ ਪ੍ਰਭੂ, ਸਭ ਦੁੱਖ ਦੂਰ ਕਰਕੇ, ਤੇਰੇ ਅੰਗ ਸੰਗ ਵੱਸਦਾ, ਤੇਰੇ ਸਾਰੇ ਕਾਰਜ ਸਵਾਰ ਦੇਵੇਗਾ। ਜੋ ਪ੍ਰਭੂ ਸਰਬ ਸਮਰੱਥ ਹੈ ਉਸ ਨੂੰ (ਮਾਇਆ ਦੇ ਭਰਮ ਭੁਲੇਖੇ ਵਿੱਚ) ਤੂੰ ਕਿਉਂ ਵਿਸਾਰ ਰਿਹਾ ਹੈ:

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥** (ਅੰਗ-੯੧੭)

(੫) **ਕੇਵਲ ਪ੍ਰਭੂ ਨਾਮ ਦੀ ਟੇਕ** : ਗੁਰਸਿੱਖੋ ! ਪ੍ਰਭੂ ਦੇ ਨਾਮ ਦੀ ਟੇਕ ਰੱਖੋ ਜੋ ਸਬਰ ਸੰਤੋਖ ਦੀ ਬਖਸ਼ਿਸ਼ ਕਰਕੇ, ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿੰਦਾ ਹੈ। ਸਭ ਵਿਕਾਰਾਂ ਵਾਲੀ ਭੁੱਖ/ਤ੍ਰਿਸ਼ਨਾ ਮਿਟਾ ਕੇ, ਹਿਰਦੇ ਘਰ ਵਿੱਚ ਸੁੱਖ/ਅਨੰਦ ਦਾ ਸਦੀਵੀ ਖੇੜਾ ਵੱਸ ਜਾਂਦਾ ਹੈ।ਐਸੇ ਗੁਰੂ(ਜੋ ਨਾਮ-ਦਾਨ ਦੀ ਬਖਸ਼ਿਸ਼ ਕਰਦਾ ਹੈ) ਤੋਂ ਸਦਕੇ ਜਾਈਏ ਜੋ ਐਸੇ ਇਲਾਹੀ ਗੁਣਾਂ ਦਾ ਧਾਰਈ ਹੈ। ਐਸੇ ਗੁਰੂ ਦੇ ਸ਼ਬਦ ਨਾਲ ਪਿਆਰ ਕਮਾਵੋ ਜੋ ਸਾਡਾ ਸਭ ਦਾ ਜੀਵਨ-ਆਧਾਰ ਹੈ :

**ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਦਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ॥੪॥** (ਅੰਗ-੯੧੭)

(੬) **ਪ੍ਰਭੂ ਦੇ ਹੁਕਮ ਵਿੱਚ ਚੱਲਣਾ** : ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੀਵ ਆਤਮਾ ਅਤੇ ਮਾਇਆ ਪ੍ਰਭੂ ਆਪ ਪੈਦਾ ਕਰਦਾ ਹੈ। ਉਸ ਦੇ ਹੁਕਮ (ਰਜ਼ਾ) ਅਨੁਸਾਰ ਹੀ ਜੀਵ ਮਾਇਆ ਦੇ ਪ੍ਰਭਾਵ ਹੇਠ ਕਰਮ ਕਮਾਉਂਦੇ ਹਨ। ਪ੍ਰਭੂ ਆਪ ਹੀ ਹੁਕਮ ਦੀ ਖੇਡ ਰੱਚ ਕੇ ਆਪ ਹੀ ਜਗਤ-ਤਮਾਸ਼ੇ ਨੂੰ ਵੇਖਦਾ ਹੈ। ਪਰ ਕਿਸੇ ਵਿਰਲੇ (ਬਖ਼ਸ਼ੇ ਹੋਏ) ਨੂੰ, ਗੁਰ ਸ਼ਬਦ ਦੀ ਕਮਾਈ ਦੁਆਰਾ, ਇਸ ਖੇਡ ਦੀ ਸੋਝੀ ਦੇ ਦਿੰਦਾ ਹੈ। ਜਿਸ ਨੂੰ ਸੂਝ ਬਖਸ਼ਦਾ ਹੈ ਉਸ ਪ੍ਰਾਣੀ ਨੂੰ ਮਾਇਆ ਦੇ ਬੰਧਨ ਤੋਂ ਸੁਤੰਤਰ ਕਰ ਦਿੰਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਨੂੰ ਆਪਣੇ ਨਾਲ ਲੀਨ ਕਰ ਲੈਂਦਾ ਹੈ। ਹੁਕਮ ਦਾ ਬੁਝਣਾ ਵੀ ਪ੍ਰਭੂ ਦੀ ਬਖਸ਼ਿਸ਼

ਦੁਆਰਾ ਹੀ ਹੁੰਦਾ ਹੈ।

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥ ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥** (ਅੰਗ-੯੨੦)

(੭) **ਪ੍ਰਭੂ ਅੱਗੇ ਅਰਜੋਈ :** ਸਭ ਜੀਵਾਂ ਦੇ ਪੈਦਾ ਕਰਨ ਵਾਲੇ ਅਤੇ ਪਾਲਕ ਪ੍ਰਭੂ ਪਿਤਾ ਦੇ ਨਾਲ ਪਿਆਰ ਤੋਂ ਬਿਨਾ ਇਸ ਸਰੀਰ ਦੀ ਕੋਈ ਔਕਾਤ ਨਹੀ ਅਤੇ ਇਹ ਆਪਣੇ ਆਪ ਵਿੱਚ ਕੁਝ ਵੀ ਕਰਨ ਯੋਗ ਨਹੀਂ ਹੈ। ਗੁਰੂ ਸਾਹਿਬ ਸਾਨੂੰ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਭੂ ਨਾਲ ਲਿਵ ਲਾਉਣ ਦੀ ਜੁਗਤ ਸਮਝਾਉਂਦੇ ਹਨ ਪ੍ਰਭੂ ਅੱਗੇ ਜੋਦੜੀ ਕਰਨਾ ਸਿਖਾਉਂਦੇ ਹੋਏ ਫ਼ੁਰਮਾਉਂਦੇ ਹਨ ਕਿ ਹੇ ਜਗਤ ਦੇ ਮਾਲਿਕ ! ਤੂੰ ਹੀ ਕਿਰਪਾ ਕਰ ਤਾਂਕਿ ਇਹ ਜੀਅੜਾ (ਗੁਰੂ ਦੇ ਸ਼ਬਦ ਵਿੱਚ ਲੱਗ ਕੇ) ਸੁਧਰ ਜਾਏ। ਹੋਰ ਕੋਈ ਦੂਸਰਾ ਇਸ ਨੂੰ ਸਹੀ ਮਾਰਗ ਤੇ ਲਗਾਉਣ ਜੋਗਾ ਨਹੀਂ ਹੈ। ਹੇ ਪ੍ਰਭੂ ! ਤੇਰੇ ਪਿਆਰ ਦੀ ਡੋਰੀ ਤੋਂ ਬਿਨਾਂ ਇਹ ਨਿਮਾਈ ਕੁਝ ਵੀ ਕਰ ਸਕਣ ਯੋਗ ਨਹੀਂ ਹੈ:

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥ ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥ ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥ ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥** (ਅੰਗ-੯੧੭)

ਇਸ ਲੇਖ ਦਾ ਸਮੁੱਚਾ ਸਾਰ ਇਹ ਹੈ ਕਿ ਇਹ ਸਾਰਾ ਦਿਸਦਾ ਵਸਦਾ ਸੰਸਾਰ ਮਾਇਆ ਦਾ ਹੀ ਰੂਪ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਅੰਤਲੇ ਸਮੇਂ ਤਕ ਜੀਵ ਉਪਰ ਮਾਇਆ ਆਪਣਾ ਪ੍ਰਭਾਵ ਪਾਉਂਦੀ ਹੈ। ਅਨੰਦ ਸਾਹਿਬ ਵਿੱਚ ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਜੀਵ ਦੀ ਕਾਇਆ ਮਾਇਆ ਦਾ ਹੀ ਰੂਪ ਹੈ। ਸੋ ਜੀਵ ਜਿਥੇ ਬਾਹਰੀ ਮਾਇਆ ਦੇ ਪ੍ਰਭਾਵ ਹੇਠ ਜੀਉ ਰਿਹਾ ਹੈ, ਉੱਥੇ ਸਰੀਰ ਅਥਵਾ ਕਾਇਆ ਨੂੰ ਵੀ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਅਤੇ ਅਨੰਦ ਦੀ ਪ੍ਰਾਪਤੀ ਲਈ ਗੁਰ-ਗੁਰਬਾਣੀ ਦੀ ਓਟ ਹੀ ਉਸਦਾ ਸਹਾਰਾ ਬਣ ਸਕਦੀ ਹੈ :

**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥**
(ਅੰਗ-੯੨੧)

-0-0-0-

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਮਈ-2023 ਵਿੱਚ ਆਈ ਸਹਾਇਤਾ

**ਜਰਨਲ** : ਗੁਰਦੁਆਰਾ ਨਾਢਾ ਸਾਹਿਬ ਸਟਾਲ ੨੦੭੫/- ਸ.ਤੇਜਵੰਤ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਸ.ਬਲਦੇਵ ਸਿੰਘ ੧੦੦੦/-, ਗੁਪਤ ੧੦੦੦੦/-, ਸ.ਸਨਦੀਪ ਸਿੰਘ ੧੦੦/-, ਸ.ਸੁਖਬੰਸ ਸਿੰਘ ੫੦੦/-, ਸ.ਸ਼ੇਰ ਸਿੰਘ ੨੦੦/-, ਸ.ਸਨਦੀਪ ਸਿੰਘ ੧੦੦/-, ਬੀਬੀ ਗੁਰਬਚਨ ਕੌਰ ੫੦੦/-, ਸ.ਤੇਜ ਸਿੰਘ ੧੦੦੦/-, ਸ.ਕੁਲਦੀਪ ਸਿੰਘ ੧੫੦੦੦/-, ਸ.ਜਗਤੇਸਵਰ ਸਿੰਘ ੫੦੦/-, ਸ.ਮੋਹਰ ਸਿੰਘ ੫੦੦/-, ਸ.ਗੁਲਜਾਰ ਸਿੰਘ ੧੦੦੦/-, ਸ.ਪਰਮਜੀਤ ਸਿੰਘ ੧੦੦੦/-, ਸ.ਸੁਰਜੀਤ ਸਿੰਘ ੨੦੦੦/-, ਸੈਕਟਰ ੨੭ ਦੀ ਸੰਗਤ ੨੧੦੦/-, ਸ.ਗੁਰਸ਼ਰਨ ਸਿੰਘ ੧੦੦/-, ਸ.ਸਮਤਾਰ ਸਿੰਘ ੧੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਸ਼ੇਰ ਸਿੰਘ ੫੦੦/-, # ੧, ਫੇਜ ੩-ਏ=੨੦੦/-, ਸ.ਹਰਬੰਸ ਸਿੰਘ ੫੦੦/-, ਸ.ਸੁਰਜੀਤ ਸਿੰਘ ੫੦੦/-, ਸ.ਦਲਜੀਤ ਸਿੰਘ ੫੦੦/-, ਗੁਪਤ ੧੦੧/-, ਸ.ਕਰਨੈਲ ਸਿੰਘ ੧੦੦੦/-, ਬੀਬੀ ਅਜਮੇਰ ਕੌਰ ੧੦੦/-, ਸ.ਪਰਮਜੀਤ ਸਿੰਘ ੧੫੦੦/-, ਸ.ਕੁਲਦੀਪ ਸਿੰਘ ੫੦੦/-, ਬੀਬੀ ਜਸਭਿੰਦਰ ਕੌਰ ੪੦੦੦/-, ਸ.ਗੁਰਪਾਲ ਸਿੰਘ ੧੦੦੦/-, ਸ.ਹਰੀ ਸਿੰਘ ੪੦੦੦/-, ਸ.ਭੁਪਿੰਦਰ ਸਿੰਘ ੨੦੦੦/-, ਸ੍ਰੀਮਤੀ ਜੋਲੀ ੭੦੦/-, ਸ.ਚਰਨਜੀਤ ਸਿੰਘ ੧੦੦੦/-, ਸ.ਬਲਵੰਤ ਸਿੰਘ ੧੨੦੦/-, ਸ.ਮਨਜਿੰਦਰ ਸਿੰਘ ੧੨੦੦/-, ਸ੍ਰੀਮਤੀ ਗੁਰਬਚਨ ਸਿੰਘ ੫੦੦/-, ਸ.ਕਰਨੈਲ ਸਿੰਘ ੫੦੦/-, ਸ੍ਰੀ ਗੁਰਪਾਲ ਚੰਦ ੧੦੦/-, ਸ.ਕਰਮਜੀਤ ਸਿੰਘ ੫੦੦/-, **ਸ.ਮਨਿੰਦਰ ਸਿੰਘ ੪੧/੧੬/੨੧/੧੫ ਰਾਹੀਂ** : ਗੁਪਤ ੫੦/-, ਸ.ਕਰਨੈਲ ਸਿੰਘ ੫੦/-, ਸ.ਊਦੈ ਸਿੰਘ ੧੦/-, ਸ.ਸੁਰਿੰਦਰ ਸਿੰਘ ੨੦੦/-, ਸ.ਗੁਰਬਖਸ਼ ਸਿੰਘ ੫੦੦/-, ਸ.ਗੁਰਮੀਤ ਸਿੰਘ ੫੦/-, ਸ.ਜਸਵੰਤ ਸਿੰਘ ੫੦੦/-, ਸ.ਮਲਕੀਅਤ ਸਿੰਘ ੧੦੦/-, ਬੀਬੀ ਦਰਸ਼ਨ ਕੌਰ ੫੦੦/-, ਬੀਬੀ ਮਹਿੰਦਰ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਸ.ਰਵਿੰਦਰ ਕੌਰ ੧੦੦੦/-, ਸ.ਅਮਰ ਸਿੰਘ ੫੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਗੁਰਕੰਵਲ ਸਿੰਘ ੨੦੦/-, ਸ.ਸਰਬਜੀਤ ਸਿੰਘ ੧੦੦/-, ਗੁਪਤ ੫੦/-, ਸ.ਰਾਜਿੰਦਰ ਸਿੰਘ ੧੦੦/-, ਗੁਪਤ ੫੦੦/-, **ਸ.ਰਘਬੀਰ ਸਿੰਘ ਸੈਕਟਰ ੩੭/੩੮ ਰਾਹੀਂ** : ਸ.ਅਜੀਤ ਸਿੰਘ ੧੦੦/-, ਸ.ਸੋਹਨ ਸਿੰਘ ੨੦੦/, ਸ.ਸੁਮੀਤ ਸਿੰਘ ੫੦੦/-, ਸ.ਐਮ.ਪੀ.ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਸਾਧੂ ਸਿੰਘ ੨੦੦/-, ਸ੍ਰੀ.ਜੇ.ਐਮ.ਐਸ. ਜੱਗੀ ੧੦੦/-, ਬੀਬੀ ਰਜਿੰਦਰ ਕੌਰ ੨੦੦/-, ਸ੍ਰੀ.ਆਰ.ਐਸ.ਤਿਵਾਰੀ ੧੦੦/-, ਸ.ਹਰਦੇਵ ਸਿੰਘ ੫੦੦/-, ਸ.ਸਬਦਮੀਤ ਸਿੰਘ ੫੦/-, ਸ.ਲਵਪ੍ਰੀਤ ਸਿੰਘ ੫੦/-, ਸ.ਤੇਜਾ ਸਿੰਘ ੧੦੦/-, ਸ.ਰਘਬੀਰ ਸਿੰਘ ੫੦੦/-, **ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : (ਅਪ੍ਰੈਲ, ਮਈ ੨੦੨੩) ਸ.ਦਿਲਾਵਰ ਸਿੰਘ ੧੦੦+੧੦੦/-, ਬੀਬੀ ਅਤਰ ਕੌਰ ੧੦੦+੧੦੦/-, ਸ.ਰਤਨ ਸਿੰਘ ੧੦੦+੧੦੦/-, ਸ.ਜੇ.ਪੀ.ਸਿੰਘ ੨੦੦/-, ਡਾ.ਸਵਿੰਦਰ ਸਿੰਘ ੩੦੦+੩੦੦/-, ਸ.ਮਨਦੀਪ ਸਿੰਘ ੧੦੦+੧੦੦/-, ਸ.ਹਰਸਮੀਤ ਸਿੰਘ ੧੦੦+੧੦੦/-, ਸ.ਬਲਿਹਾਰ ਸਿੰਘ ੫੦੦+੫੦੦/-, ਸ.ਤ੍ਰਿਲੋਚਨ ਸਿੰਘ ੫੦੦/-, **ਸ.ਰਵਿੰਦਰਪਾਲ ਸਿੰਘ ਸੈਕਟਰ ੪੫ ਰਾਹੀਂ** : ਸ.ਬਲਵਿੰਦਰ ਸਿੰਘ ੩੦੦/-, ਸ.ਜਗਜੀਤ ਸਿੰਘ ੨੧/-, ਸ.ਜਗਜੀਤ ਸਿੰਘ ੫੧/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਪ੍ਰਕਾਸ਼ ਸਿੰਘ ੧੦੦/-, ਸ਼ਰਮਾ ਪਰਿਵਾਰ ੧੦੦/-, ਬੀਬੀ ਦਲਜੀਤ ਕੌਰ ਜੀ ਪਰਿਵਾਰ ੫੦/-, ਗੁਲਾਟੀ ਜੀ ਪਰਿਵਾਰ ੧੦੦/-, ਸ.ਉਪਕਾਰ ਸਿੰਘ ੫੦੦/-, ਸ.ਹਰਜਿੰਦਰ ਸਿੰਘ ੪੫੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** : ਸ.ਹਰਭਜਨ ਸਿੰਘ ੫੦੦/-, ਸ.ਸੁਰਿੰਦਰਪਾਲ ਸਿੰਘ ੧੧੦੦/-, ਸ.ਅਲਬੇਲ ਸਿੰਘ ੨੦੦/-, ਸ.ਸਿਕੰਰ ਸਿੰਘ ੧੦੦/-, ਸ.ਮੋਹਨ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਜੋਗਿੰਦਰ ਸਿੰਘ ੧੦੦/-, ਸ.ਸਰਦੂਲ ਸਿੰਘ ੧੦੦/-, ਸ੍ਰੀ.ਜੀ.ਐਸ.ਓਬਰਾਏ ੫੦/-, ਬੀਬੀ ਜਸਪ੍ਰੀਤ ਕੌਰ ੫੦/-, ਬੀਬੀ ਜਸਪ੍ਰੀਤ ਕੌਰ ੨੦੦/-, ਸ੍ਰੀ.ਐਚ.ਪੀ. ਸਿੰਘ ੧੦੦/-, ਸ. ਅਨੂਦੀਪ ਸਿੰਘ ੧੦੦੦/-, ਸ.ਸੁਰਜੀਤ ਸਿੰਘ ੫੦/-, ਬੀਬੀ ਮਨਜੀਤ ਕੌਰ ੨੦੦/-, ਸੇਠੀ ਪਰਿਵਾਰ ੧੦੦/-, ਲੇਟ ਸ.ਗੁਰਦਿਆਲ ਸਿੰਘ ੫੦/-, ਸ.ਸਤਬੀਰ ਸਿੰਘ ੫੦੦/-, ਸ.ਗੁਰਮੇਲ ਸਿੰਘ ੧੦੦/-, ਬੀਬੀ ਮਨਜੀਤ ਕੌਰ ੧੦੦/-, ਬੀਬੀ ਮਨਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੩੦/-, ਸ.ਸਤਬੀਰ ਸਿੰਘ ੧੦੦/-, ਸ.ਸਮਸ਼ੇਰ ਸਿੰਘ ੧੦੦/- ਸਡਾਨਾ ਜਨਰਲ ਸਟੋਰ ੫੦੦/-, ਸ.ਅਮਰਜੀਤ ਸਿੰਘ ੨੦੦/-, ਬੀ.ਹਰਬੰਸ ਕੌਰ ੫੦੦/-, **ਸ.ਬਲਦੇਵ ਸਿੰਘ ੩ਬੀ੨ ਰਾਹੀਂ** : ਬੀਬੀ ਜਗਦੀਸ਼ ਕੌਰ ੧੦੦/-, ਸ੍ਰੀ.ਬਚਨ ਲਾਲ ੨੦੦/-, ਅਜੀਤ ਨਿਵਾਸ ੧੦੦/-, ਸ.ਕੁਲਦੀਪ ਸਿੰਘ ੧੦੦/-, **ਸ.ਸ਼ੇਰ ਸਿੰਘ ਫੇਜ ੬ ਰਾਹੀਂ** : ਸ.ਰਮਨ ਸਿੰਘ ੨੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** : ਸ੍ਰੀ.ਬੀ.ਐਸ.ਗੁਲਾਟੀ ੧੦੦/-, ਸ੍ਰੀ.ਜੀ.ਐਸ.ਭਾਟੀਆ ੩੦/-, ਡਾ.ਦਰਸ਼ਨਜੀਤ ਕੌਰ ੫੦/-, ਸ.ਜਗਜੀਤ ਸਿੰਘ ੧੦੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜਗਦੀਸ਼ ਕੌਰ ੫੦/-, ਬੀਬੀ ਸਿੰਦਰਪਾਲ ਕੌਰ ੨੦੦/-, **ਸ.ਵਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਚਰਨ ਸਿੰਘ ੨੨/-, ਸ.ਪ੍ਰਭਕਿਰਤਨ ਸਿੰਘ ੧੦੦/-, ਸ.ਤੇਜਪਾਲ ਸਿੰਘ ੨੦੦/-, ਸ.ਗੁਰਦਿਆਲ ਸਿੰਘ ੧੦੦/-, ਸ.ਹਰਜੀਤ ਸਿੰਘ ੧੦੦/-, ਬੀਬੀ ਕੁਲਦੀਪ ਸਿੰਘ ੫੦/-,

ਜਗਜੀਤ ਕੈਮਿਸਟ ੧੦੦+੧੦੦/-, ਸਾਹਨੀ ਮੈਡੀਕਲ ਹਾਲ ੨੫੦+੨੫੦/-, ਜਨਤਾ ਆਟਾ ਚੱਕੀ ੧੦੦+੧੦੦/-, ਸ.ਇੰਦਰ ਸਿੰਘ ੧੦੦+੧੦੦/-, ਗੁਪਤ ੧੦੦-, ਸ.ਨਗਿੰਦਰ ਸਿੰਘ ੨੦੦/-, ਮੇਜਰ ਮੇਹਰ ਸਿੰਘ ੫੦੦/-, ਸ.ਤਰਸੇਮ ਸਿੰਘ ੫੦+੫੦/-, ਸ.ਅਮਰਜੀਤ ਸਿੰਘ ੧੦੦+੧੦੦/-, ਸ.ਤੇਜਪਾਲ ਸਿੰਘ ੫੦੦/-, ਸ.ਭਗਵੰਤ ਸਿੰਘ ੧੦੦/-, ਸ.ਜਗਦੀਸ਼ ਸਿੰਘ ੧੦੦/-, ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਸ.ਸੁਰਿੰਦਰਪਾਲ ਸਿੰਘ ੧੦੦/,**ਸ.ਗੁਰਮੀਤ ਸਿੰਘ ਸੈਕਟਰ ੨੯ ਰਾਹੀਂ** : ਸ.ਗੁਰਮੀਤ ਸਿੰਘ ੫੦੦/-, ਸ.ਰਪਿੰਦਰ ਸਿੰਘ ੧੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ੍ਰੀ.ਐਮ.ਪੀ.ਸਿੰਘ ੫੦੦/-, ਸ.ਨਰਿੰਦਰ ਸਿੰਘ ੧੦੦/-, ਸ.ਬਾਬੂ ਸਿੰਘ ੫੦੦/- , ਸ੍ਰੀ.ਹੇਮਰਾਜ ੧੦੦/-, **ਸ.ਮਨਜੀਤ ਸਿੰਘ ਸੈਕਟਰ ੨੯ ਰਾਹੀਂ** : ਸ.ਮਲਕੀਤ ਸਿੰਘ ੧੦੦/-, ਸ.ਚੇਤਨ ਸਿੰਘ ੧੫੦੦/-, ਸ.ਸੁਖਵਿੰਦਰ ਸਿੰਘ ੫੦੦/-, ਗੁਪਤ ੫੦੦/-, **ਗਿਆਨੀ ਮਨਜੀਤ ਸਿੰਘ ਰਾਹੀਂ :** ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਹਾਕਮ ਸਿੰਘ ੨੦੦/-, ਸ.ਜਗਜੀਤ ਸਿੰਘ ੫੦੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਰਾਜਿੰਦਰ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਪ੍ਰਲਾਦ ਸਿੰਘ ੫੦/-, ਸ.ਅਮਰੀਕ ਸਿੰਘ ੫੦/-, ਸ.ਜਗੀਰ ਸਿੰਘ ੧੦੦/-, ਸ.ਬਲਪ੍ਰੀਤ ਸਿੰਘ ੨੦੦/-, ਸ.ਚਰਨ ਸਿੰਘ ੨੦੦/-, ਸ.ਬਲਦੇਵ ਸਿੰਘ ੨੦੦/-, ਸ.ਭਾਗ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਸ.ਮਹਿੰਦਰ ਸਿੰਘ ੧੦੦/-, ਡਾ.ਅਤਰ ਸਿੰਘ ੫੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਰਾਜਵੰਤ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਬੀਬੀ ਦਲਜੀਤ ਕੌਰ ੩੦੦੦/-, ਗੁਪਤ ੨੦੦/-, ਸ.ਦਵਿੰਦਰ ਸਿੰਘ ੨੦੦/-, ਸ੍ਵਰਗਵਾਸੀ ਸ.ਸੁਰਜੀਤ ਸਿੰਘ ੨੦੦/-, ਸ.ਰਵਿੰਦਰ ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਮਹਿੰਦਰ ਸਿੰਘ ੨੦੦/-, ਬੀਬੀ ਲਖਵਿੰਦਰ ਕੋਰ ੨੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਸ.ਰਤਨ ਸਿੰਘ ੨੦/-, ਸ.ਮਹਿੰਦਰ ਸਿੰਘ ੧੦੦/-, ਬੀਬੀ ਤਰਨਜੀਤ ਕੌਰ ੫੦/-, ਸ.ਲੈਂਬਰ ਸਿੰਘ ੫੦/-, ਸ੍ਰੀ ਪ੍ਰੀਤਮ ਦਾਸ ੫੦/-, ਸ੍ਰੀ.ਜੀ.ਐਸ.ਬੈਂਸ ੨੦੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਵਰਿੰਦਰ ਸਿੰਘ ੨੦/-, ਸ.ਪ੍ਰਿਤਪਾਲ ਸਿੰਘ ੪੦/-, ਗੁਪਤ ੫੦੦/-, ਸ.ਗੁਰਵਿੰਦਰ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਗੁਰਰਾਜ ਸਿੰਘ ੫੦/-, ਸ.ਮਨਦੀਪ ਸਿੰਘ ੧੦੦/-, ਸ.ਸੋਹਨ ਸਿੰਘ ੧੦੦/-, ਆਰ-੨੪/੭੫=੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਰਣਬੀਰ ਸਿੰਘ ੧੦੦/-, ਸ.ਹਰਪਾਲ ਸਿੰਘ ੧੦੦/-, ਗੁਪਤ ੨੦੦/-, ਬੀਬੀ ਬਲਵਿੰਦਰ ਕੌਰ ੧੦੦/-, ਗੁਰਪ੍ਰੀਤ ਸਿੰਘ ੫੦/-, ਸ.ਕੁਲਦੀਪ ਸਿੰਘ ੫੦/-, ਬੀਬੀ ਹਰਸਮਿੰਦਰ ਕੌਰ ੧੦੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਸ.ਜਗਤਾਰ ਸਿੰਘ ੧੦੦/-, ਸ.ਗੁਰਮੇਲ ਸਿੰਘ ੫੦/-, ਸ.ਭੁਪਿੰਦਰ ਸਿੰਘ ੫੦/-, ਸ.ਸੋਹਨ ਸਿੰਘ ੧੦੦/-, ਸ.ਗੁਰਚਰਨ ਸਿੰਘ ੫੦/-, ਸ.ਗੁਰਕੀਰਤ ਸਿੰਘ ੧੦੦/-, ਗੁਪਤ ੧੦੦/-, ਸ.ਹਰਮਿੰਦਰ ਸਿੰਘ ੫੦੦/-, ਸ.ਮਨਮੋਹਨ ਸਿੰਘ ੫੦/-, ਬਾਬਾ ਜੀ ੧੦੦/-, # ੫੩੬/੨=੧੦੦/-, ਸ.ਰਣਧੀਰ ਸਿੰਘ ੫੦/-, ਡਾ.ਅਮਨਦੀਪ ਸਿੰਘ ੫੦/-, ਸ.ਇੰਦਰਜੀਤ ਸਿੰਘ ੧੦੦/-, ਬੀਬੀ ਦਲਜੀਤ ਕੌਰ ੨੦੦/-, ਬੀ.ਕੇ.ਫੈਸ਼ਨ ੧੦੦/-, ਸ.ਅਮਰ ਸਿੰਘ ਸ਼ਾਹ ੫੦੦/-, ਸ.ਇੰਦਰਪਾਲ ਸਿੰਘ ੫੦੦/-, ਸ.ਬਚਿੱਤਰ ਸਿੰਘ ੫੦੦/-, ਸ.ਕੁਲਵੰਤ ਸਿੰਘ ੨੧੦੦/-, ਵਾਹਿਗੁਰੂ ੧੦੦/-, ਚੋਹਾਨ ਜਿਊਲਰਜ਼ ੧੦੦/-, ਮਿਲਨ ਸੋਪ ੫੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਜਗਜੀਤ ਸਿੰਘ ੫੦/-, ਸ.ਸੁਰਿੰਦਰ ਸਿੰਘ ੧੦੦/-, ਸ.ਸਰਜੰਤ ਸਿੰਘ ੧੦੦/-, ਸ.ਹਰਬੰਸ ਸਿੰਘ ੫੦/-, ਸ.ਤਰਲੋਚਨ ਸਿੰਘ ੮੦੦/-, ਗੁਪਤ ੨੦੦/-, ਸ.ਸੁਖਮਿੰਦਰ ਸਿੰਘ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਜੋਗਿੰਦਰ ਸਿੰਘ ੧੦੦/-, ਸ.ਹਰਸਰਨ ਸਿੰਘ ੫੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦੦੦/-, ਗੁਪਤ ੧੦੦੦/-, ਸ.ਦਵਿੰਦਰ ਸਿੰਘ ੧੦੦/-, ਸ.ਅਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਹਰਜਿੰਦਰ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਕਰਮ ਸਿੰਘ ੧੦੦/-, ਬੀਬੀ ਕੈਲਾਸ ਕੌਰ ੧੦੦/-, ਢਿਲੋਂ ਪਰਿਵਾਰ ੫੦੦/-, ਸ.ਬਲਦੇਵ ਸਿੰਘ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਨਾਗਪਾਲ ਡਿਪਾਰਟਮੈਂਟਲ ਸਟੋਰ ੧੦੦/-, ਅਕਾਲ ਓਪਟੀਕਲ ੧੦੦/-, ਲਵਲੀ ਇਲੈਕਟ੍ਰੀਕਲਸ ੨੦/-, ਸ.ਤਾਰਾ ਸਿੰਘ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਸੁਰਜੀਤ ਕੌਰ ੧੦੦/- , ਸ.ਕਰਮ ਸਿੰਘ ੧੦੦/-, ਸ.ਜਤਿੰਦਰ ਸਿੰਘ ੫੦੦/-, # ੫੧੯/੩ਬੀ੧=੧੦੦/-, ਗੁਪਤ ੧੦੦+੧੦੦/-, ਸ.ਨਾਰੰਗ ਬੈਗ ੨੦/-, ਸ.ਹਰਭਜਨ ਸਿੰਘ ੨੦੦/-, ਸ.ਦਾਰਾ ਸਿੰਘ ੫੦੦/-, ਬੀਬੀ ਰਜਮਨਦੀਪ ਕੌਰ ੧੦੦/-, ਮਿਯੂਚਲ ਐਜੂਕੇਸ਼ਨ ਸੁਸਾਇਟੀ ੩੦੦੦/-, ਸ.ਹਰਕੀਰਤ ਸਿੰਘ ੧੦੦/-, ਸ.ਦਿਲਦਾਰ ਸਿੰਘ ੫੦/-, ਸ.ਜਗਜੀਤ ਸਿੰਘ ੧੦੦/-, ਸ.ਮਨਜੀਤ ਸਿੰਘ ੩੦/-, ਸ.ਗੁਰਨਾਮ ਸਿੰਘ ੪੦/-, ਸ.ਨਛੱਤਰ ਸਿੰਘ ੫੦/-, ਬੀਬੀ ਰਤਨ ਕੌਰ ੫੦੦/-, ਬੀਬੀ ਬਲਦੇਵ ਕੌਰ ੧੦੦/-, ਦੁਆਬਾ ਫੈਸ਼ਨ ੧੦੦/-, ਸ.ਜੋਗਿੰਦਰ ਸਿੰਘ ੫੦/-, ਅਯੂਮੈਨ ਸਕੂਲ ੨੦/-, ਸ.ਗੁਰਦੀਪ ਸਿੰਘ ੫੦/-, ਸ.ਸੁਰਿੰਦਰ ਸਿੰਘ ੫੦/-,

## ਖਬਰਾਵਲੀ :

### ਵੈਨਕੂਵਰ 'ਚ ਸੜਕ ਦਾ ਨਾਂਅ ਰੱਖਿਆ 'ਕਾਮਾਗਾਟਾਮਾਰੂ ਪਲੇਸ' :

ਐਬਟਸਫੋਰਡ, ੩੧ ਮਈ : ਕੈਨੇਡਾ ਦੇ ਸ਼ਹਿਰ ਵੈਨਕੂਵਰ ਦੀ ਨਗਰਪਾਲਿਕਾ ਨੇ ਇਤਿਹਾਸਕ ਫੈਸਲਾ ਕਰਦੇ ਹੋਏ ਸਰਬਸੰਮਤੀ ਨਾਲ 'ਕੈਨੇਡਾ ਪਲੇਸ ਸੜਕ ਦਾ ਨਾਂਅ ਬਦਲ ਕੇ ਉਨ੍ਹਾਂ ੩੭੬ ਭਾਰਤੀਆਂ ਦੀ ਯਾਦ ਵਿਚ' ਕਾਮਾਗਾਟਾਮਾਰੂ ਪਲੇਸ ਰੱਖਿਆ ਹੈ ਜਿਹੜੇ ੨੩ ਮਈ ੧੯੧੪ ਨੂੰ ਕਾਮਾਗਾਟਾਮਾਰੂ ਜਹਾਜ਼ ਰਾਹੀਂ ਇਸ ਸੜਕ ਦੇ ਨੇੜੇ ਵੈਨਕੂਵਰ ਪਹੁੰਚੇ ਸਨ। ਪਰ ਉਨ੍ਹਾਂ ਨੂੰ ਨਸਲਵਾਦੀ ਇੰਮੀਗਰੇਸ਼ਨ ਅਧਿਕਾਰੀਆਂ ਵਲੋਂ ਕੈਨੇਡਾ 'ਚ ਦਾਖ਼ਲੇ ਤੋਂ ਇਨਕਾਰ ਕਰ ਦਿੱਤਾ ਸੀ ਉਸ ਜਹਾਜ਼ ਵਿਚ ੩੪੦ ਸਿੱਖ, ੨੪ ਮੁਸਲਮਾਨ ਤੇ ੧੨ ਹਿੰਦੂ ਸਵਾਰ ਸਨ । ੨੩ ਜੁਲਾਈ ੧੯੧੪ ਨੂੰ ਜਹਾਜ਼ ਵੈਨਕੂਵਰ ਤੋਂ ਵਾਪਸ ਭਾਰਤ ਮੋੜ ਦਿੱਤਾ ਸੀ।

**ਕੈਲੀਫੋਰਨੀਆ 'ਚ ਸੈਨਟ ਵਲੋਂ ਸਿੱਖਾਂ ਨੂੰ ਵੱਡੀ ਰਾਹਤ, ਬਿਨਾਂ ਹੈਲਮਟ ਬਾਈਕ ਚਲਾਉਣ ਸੰਬੰਧੀ ਬਿੱਲ ਪਾਸ :** ਸੈਕਰਾਮੈਂਟੋ, ੬ ਜੂਨ –ਕੈਲੀਫੋਰਨੀਆ 'ਚ ਸਟੇਟ ਸੈਨਟ ਨੇ ਸਿੱਖਾਂ ਨੂੰ ਵੱਡੀ ਰਾਹਤ ਦਿੰਦਿਆਂ ਇਕ ਬਿੱਲ ਉਪਰ ਮੋਹਰ ਲਾ ਦਿੱਤੀ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸਿੱਖ ਬਿਨਾਂ ਹੈਲਮਟ ਪਹਿਨੇ ਆਪਣੀ ਰਵਾਇਤੀ ਦਸਤਾਰ ਬੰਨ ਕੇ ਬਾਈਕ ਚਲਾ ਸਕਣਗੇ। ਸੈਨਟ ਮੈਂਬਰ ਬਰੀਅਨ ਡਾਹਲ ਵਲੋਂ ਪੇਸ਼ ਬਿੱਲ ਨੂੰ ਸੈਨਟ ਨੇ ੨੧-੮ ਵੋਟਾਂ ਦੇ ਫਰਕ ਨਾਲ ਪਾਸ ਕਰ ਦਿੱਤਾ। ਹੁਣ ਇਹ ਬਿਲ ਅਸੰਬਲੀ ਵਿਚ ਜਾਵੇਗਾ। ਬਿਲ ਪੇਸ਼ ਕਰਨ ਤੋਂ ਬਾਅਦ ਡਾਹਲ ਨੇ ਕਿਹਾ ਕਿ ਧਾਰਮਿਕ ਆਜ਼ਾਦੀ ਇਸ ਦੇਸ਼ ਦੀ ਪ੍ਰਮੁੱਖ ਬੁਨਿਆਦ ਹੈ। ਸਾਨੂੰ ਅਮਰੀਕੀਆਂ ਨੂੰ ਇਹ ਅਧਿਕਾਰ ਹੈ ਕਿ ਅਸੀਂ ਆਪਣੇ ਧਰਮ ਦਾ ਪ੍ਰਗਟਾਵਾ ਆਜ਼ਾਦੀ ਨਾਲ ਕਰ ਸਕਦੇ ਹਾਂ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

### ਸੰਸਥਾ ਦੇ ਕਾਰਜਾਂ ਲਈ ਮਈ 2023 ਵਿੱਚ ਆਨਲਾਇਨ ਆਈ ਸਹਾਇਤਾ

**ਆਨਲਾਇਨ** : ਸ.ਰਨਬੀਰ ੫੦੦/-, ਸ.ਰਣਜੀਤ ਸਿੰਘ ੧੦੧/-, ਗਲੋਬਲ ਰਮਿਟੈਂਸ ੫੮੮੧/-, ਸ.ਭੁਪਿੰਦਰ ਸਿੰਘ ੧੬੦੦/-, ਸ.ਜਗਰਾਜ ਸਿੰਘ ੫੦੦/-, ਸ.ਭੁਪਿੰਦਰ ੧੧/- ਸ.ਤਲਵਿੰਦਰ ਸਿੰਘ ੫੦੦/-, ਸ੍ਰੀ.ਐਮ.ਐਸ.ਖੇਲ ੫੦੦/-, ਸ.ਚਰਨਜੀਤ ਸਿੰਘ ੧੦੦੦/-, ਸ.ਜਸਵੰਤ ਸਿੰਘ ੫੦੦/-, ਗੁਪਤ ੫੦੦+੧੦੦੦+੧੫੦੦੦+ ੫੦੦+ ੧੦੦/-, ਬੀਬੀ ਪ੍ਰਵੀਨ ਕੌਰ ੫੦੦/-, ਗੁਪਤ ੧੦੦੦/-, ਸ.ਲਾਜਵੰਤ ਸਿੰਘ ਕੋਹਲੀ ੨੦੦/-, ਸ.ਸੁਰਿੰਦਰ ਸਿੰਘ ੧੦੧/-, **ਸ.ਅਤਰ ਸਿੰਘ ਲੁਧਿਆਣਾ ਰਾਹੀਂ** : ੧੨੦੦੦/- ,**ਸ.ਸੁਰਿੰਦਰ ਸਿੰਘ ਜੀਰਕਪੁਰ ਰਾਹੀਂ** : ਸ.ਪਰਵਿੰਦਰ ਸਿੰਘ ੫੦੦/-, ਬੀਬੀ ਭੁਪਿੰਦਰ ਕੌਰ ੨੦੦/-, ਸ.ਮਨਵੀਰ ਸਿੰਘ ੫੦/-, ਸ.ਅਮਰਦੀਪ ਸਿੰਘ ੫੦੦/-, ਸ.ਸਤਪਾਲ ਸਿੰਘ ੨੦੦/-,

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

# ਮਹੀਨਾ ਸਾਵਣ

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥**

ਸਾਵਣ ਦਾ ਮਹੀਨਾ, ਬਰਸਾਤ ਦਾ ਸਮਾਂ ਹੈ। ਹੇ ਮੇਰੇ ਮਨ ! ਸਾਵਣ ਦੇ ਮਹੀਨੇ ਤੂੰ ਵੀ ਖਿੜਾਓ ਵਿੱਚ ਆ। ਬੱਦਲ ਵਰਸ ਰਹੇ ਹਨ, ਬੜੀ ਸੁਹਣੀ ਬਰਸਾਤ ਦੀ ਰੁੱਤ ਆਈ ਹੈ।

ਅਜੇਹੀ ਰੁੱਤ ਵਿੱਚ ਮੇਰੇ ਮਨ ਅਤੇ ਤਨ ਨੂੰ ਪਿਆਰਾ ਪਤੀ ਪਰਮੇਸ਼ਰ ਚੰਗਾ ਲੱਗਦਾ ਹੈ, ਪਰ ਸ਼ਹੁ ਮੇਰੇ ਪਾਸ ਨਹੀਂ ਹੈ, ਉਹ ਤਾਂ ਪਰਦੇਸ ਗਏ ਹੋਏ ਹਨ।

ਭਾਵ ਮੇਰਾ ਮਨ ਪਤੀ-ਪਰਮੇਸਰ ਦੇ ਨਾਲ ਨਹੀਂ ਜੁੜਿਆ ਹੋਇਆ, ਮੇਰੇ ਮਨ ਵਿੱਚ ਦੂਜਾ ਭਾਉ ਹੈ ਜਿਸ ਕਰਕੇ ਪਰਮੇਸ਼ਰ ਦੀ ਮੈਨੂੰ ਯਾਦ ਨਹੀਂ ਆਉਂਦੀ।

ਪਰ ਜੇ ਕਰ ਪਤੀ ਪਰਮੇਸ਼ਰ ਮੇਰੇ ਹਿਰਦੇ ਵਿੱਚ ਨਹੀਂ ਆਉਂਦਾ ਤਾਂ ਮੈਂ ਹਉਕੇ ਲੈ ਲੈ ਕੇ ਮਰਦੀ ਜਾਂਦੀ ਹਾਂ ਅਤੇ ਬਰਸਾਤ ਦਾ ਸਮਾਂ ਹੋਣ ਕਰਕੇ ਜੋ ਬਿਜਲੀ ਚਮਕਦੀ ਹੈ, ਉਸ ਤੋਂ ਮੈਨੂੰ ਡਰ ਲੱਗਦਾ ਹੈ।

ਅਕੇਲੀ ਸੇਜ (ਸੁੰਨਾ ਹਿਰਦਾ) ਹੈ ਅਤੇ ਮੈਂ ਬਹੁਤ ਦੁਖੀ ਹਾਂ ਜਿਸ ਕਰਕੇ ਮੈਂ ਇਕ ਤਰਾਂ ਦੀ ਮਰੀ ਹੋਈ ਹੀ ਹਾਂ। ਪਤੀ-ਪਰਮੇਸ਼ਰ ਤੋਂ ਬਿਨਾਂ ਨੀਂਦ ਕਿਵੇਂ ਆ ਸਕਦੀ ਹੈ।

ਭੁੱਖ ਕਿਵੇਂ ਲੱਗ ਸਕਦੀ ਹੈ ਅਤੇ ਮੇਰੇ ਤਨ ਤੇ ਪਾਏ ਹੋਏ ਕਪੜੇ ਵੀ ਮੈਨੂੰ ਸੋਹਣੇ ਨਹੀਂ ਲੱਗਦੇ।

ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜੀਵ ਇਸਤਰੀ ਉਹ ਹੀ ਸੁਹਾਗਣ ਹੈ ਜੋ ਪ੍ਰਭੂ ਪਤੀ ਦੇ ਅੰਗ ਲੱਗੀ ਰਹਿੰਦੀ ਹੈ, ਭਾਵ ਵਾਹਿਗੁਰੂ ਦਾ ਸਿਮਰਨ ਕਰਦੀ ਹੈ।